ਪ੍ਰੋਫੈਸਰ ਕਿਰਪਾਲ ਸਿੰਘ ਕਸੇਲ

ਸੰਬੰਧੀ ਪ੍ਰਗਟਾਏ ਗਏ ਵੀਚਾਰ

ਪੁਸਤਕਾਂ ਲੋਕ ਅਰਪਣ ਕਰਨ ਸਮੇਂ ਖੁਸ਼ੀਆਂ ਹਾਸਲ ਕਰਦੇ ਹੋਏ
ਪ੍ਰੋਫੈਸਰ ਕਸੇਲ ਅਤੇ ਬਖ਼ਸ਼ਿਸ਼ਾਂ ਕਰਦੇ ਹੋਏ ਮੌਜੂਦਾ ਗੁਰੂ ਉਦੈ ਸਿੰਘ ਜੀ ਮਹਾਰਾਜ
ਸੰਤ ਹਰਪਾਲ ਸਿੰਘ 'ਸੇਵਕ' ਵਿਚਕਾਰ ਖੜੇ ਹੋਏ ਹਨ।

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਪੁਸਤਕ
'ਤਵਾਰੀਖ਼ ਸੰਤ ਖ਼ਾਲਸਾ ਭਾਗ ਤੀਜਾ' ਦਾ ਲੋਕ ਅਰਪਣ

24 ਜੂਨ, 2017 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਇਕ ਵਿਸ਼ਾਲ ਇਕੱਠ ਵਿਚ ਪ੍ਰੋਫ਼ੈਸਰ ਕਿਰਪਾਲ ਸਿੰਘ ਕਸੇਲ ਦੁਆਰਾ ਰਚਿਤ ਨਾਮਧਾਰੀ ਲਹਿਰ ਨਾਲ ਸੰਬੰਧਤ 'ਤਵਾਰੀਖ਼ ਸੰਤ ਖ਼ਾਲਸਾ' ਦੇ ਤੀਜੇ ਭਾਗ ਦਾ ਲੋਕ ਅਰਪਣ ਸਮਾਗਮ ਆਯੋਜਿਤ ਕੀਤਾ ਗਿਆ। ਇਹ ਸਮਾਰੋਹ ਜਿਥੇ ਨਾਮਧਾਰੀ ਸਾਧ ਸੰਗਤ ਸਨਮੁਖ ਕੀਤਾ ਗਿਆ, ਉਥੇ ਲੁਧਿਆਣਾ, ਪਟਿਆਲਾ ਤੇ ਅਬੋਹਰ ਤੋਂ ਉਚੇਚੇ ਤੌਰ ਉਤੇ ਪਹੁੰਚੇ ਸਾਹਿਤਕਾਰ ਵਿਦਵਾਨਾਂ ਨੇ ਵੀ ਹਾਜ਼ਰੀ ਭਰੀ। ਮੌਜੂਦਾ ਨਾਮਧਾਰੀ ਸਤਿ ਗੁਰੂ ਉਦੈ ਸਿੰਘ ਜੀ ਮਹਾਰਾਜ ਦੀ ਹਜ਼ੂਰੀ ਵਿਚ ਇਹ ਕਾਰਜ ਸ਼ੁਰੂ ਹੋਇਆ, ਜਿਸ ਵਿਚ ਮੰਚ ਉਤੇ ਹੀ ਗੁਰਭਜਨ ਸਿੰਘ ਗਿੱਲ, ਸਰਦਾਰ ਪੰਛੀ, ਕੁਲਵੰਤ ਸਿੰਘ ਗਰੇਵਾਲ, ਕਰਤਾਰ ਸਿੰਘ ਕਾਲੜਾ, ਗੁਲਜ਼ਾਰ ਪੰਧੇਰ, ਸੁਰਿੰਦਰ ਕੈਲੇ, ਤੇਲੂ ਰਾਮ ਕੋਹਾੜਾ, ਦਰਸ਼ਨ ਸਿੰਘ ਆਸ਼ਟ, ਸੁਖਦੇਵ ਸਿੰਘ ਸੇਖੋਂ, ਗੁਰਿੰਦਰ ਸਿੰਘ ਘੁੰਮਣ, ਜਸਵੀਰ ਝਜ, ਜਗਦੀਸ਼ ਨੀਲੋਂ, ਦੇਵਿੰਦਰ ਪਟਿਆਲਵੀ, ਤ੍ਰਿਲੋਕ ਸਿੰਘ ਢਿਲੋਂ ਅਤੇ ਦ੍ਰਿਸ਼ਟਾਂਤ ਕੌਰ ਢਿਲੋਂ ਬਿਰਾਜਮਾਨ ਹੋਏ। ਸਮਾਗਮ ਦੇ ਸ਼ੁਰੂ ਵਿਚ ਹਜ਼ੂਰੀ ਰਾਗੀ ਸ੍ਰੀ ਭੈਣੀ ਸਾਹਿਬ ਭਾਈ ਹਰਬੰਸ ਸਿੰਘ ਘੁੱਲਾ ਨੇ ਬਹੁਤ ਹੀ ਮਧੁਰ ਤੇ ਸੁਰੀਲੀ ਅਵਾਜ ਵਿਚ ਸ਼ਬਦ ਉਚਾਰਣ ਕੀਤਾ।

ਕਾਮਰੇਡ ਸੁਵਰਨ ਸਿੰਘ ਵਿਰਕ ਨੇ ਪ੍ਰੋਫ਼ੈਸਰ ਕਿਰਪਾਲ ਸਿੰਘ ਕਸੇਲ ਜੀ ਬਾਰੇ ਜਾਣਕਾਰੀ ਦਿੰਦਿਆਂ ਆਖਿਆ ਕਿ ਪੰਜਾਬ ਦੇ ਬੌਧਿਕ ਮੰਡਲ ਵਿਚ ਪ੍ਰੋ.ਕਸੇਲ ਇਕ ਜਾਣਿਆਂ ਤੇ ਪਛਾਣਿਆ ਨਾਮ ਹੈ, ਜਿਸ ਦੀ ਉਚ ਦੁਮਾਲੜੀ ਸ਼ਖ਼ਸੀਅਤ ਅਗੇ ਹਰ ਅਖਰ-ਪਰੇਮੀ ਦਾ ਸਿਰ ਬੜੇ ਅਦਬ ਸਤਿਕਾਰ ਨਾਲ ਝੁਕ ਜਾਂਦਾ ਹੈ। ਅਖਰਾਂ ਨਾਲ ਪਿਆਰ ਕਸੇਲ ਜੀ ਨੂੰ ਆਪਣੇ ਸੁਰਗਵਾਸੀ ਪਿਤਾ ਸ. ਗੰਗਾ ਸਿੰਘ ਤੋਂ ਵਿਰਸੇ ਵਿਚ ਮਿਲਿਆ। ਉਹ ਆਪਣੇ ਜਨਮ ਤੋਂ ਛੇਤੀ ਬਾਅਦ ਜਨਮ-ਦਾਤੇ ਤੋਂ ਤਾਂ ਵਿਰਵੇ ਹੋ ਗਏ, ਪਰ ਉਸ ਦੀਆਂ ਟਰੰਕਾਂ ਵਿਚ ਪਈਆਂ ਦੋ ਸੌ ਦੇ ਕਰੀਬ ਕਿਤਾਬਾਂ ਵਿਚੋਂ ਜਿਵੇਂ ਕਿਵੇਂ ਵੱਡੇ ਹੋਏ, ਉਨ੍ਹਾਂ ਦੇ ਵਰਕਿਆਂ ਦੀ ਫੋਲਾ ਫਾਲੀ ਕਰਕੇ, ਉਹ ਦਿਵੰਗਤ ਪਿਤਾ ਦੇ ਨਕਸ਼ ਪਛਾਨਣ ਦੇ ਆਹਰ ਵਿਚ ਰੁਝੇ ਰਹਿੰਦੇ। ਸ਼ਬਦ-ਸੰਸਾਰ ਵਿਚ ਪਹਿਲੀ ਉਮਰੇ ਹੋਇਆ ਦਾਖਲਾ ਕਸੇਲ ਜੀ ਦੇ ਸਾਰੇ ਜੀਵਨ ਦੀ ਨਿਧੀ ਬਣ ਗਿਆ ਉਨ੍ਹਾਂ ਆਪਣਾ ਸਾਰਾ ਜੀਵਨ, ਹਰਫ਼ਾ ਦੀਆਂ ਮਿਸ਼ਾਲਾਂ ਬਾਲ ਬਾਲ ਕੇ, ਅਗਿਆਨਤਾ ਦੇ ਹਨੇਰੇ ਨੂੰ ਰੌਸ਼ਨ ਕਰਨ ਲਈ ਵਕਫ਼ ਕਰ ਦਿਤਾ। ਮਾਤਾ ਮਹਿੰਦਰ ਕੌਰ ਨੇ ਜਿਸ ਸਿਰੜ ਨਾਲ ਪਿਉ-ਬਾਹਰੇ ਇਸ ਬਾਲ ਨੂੰ ਪਾਲ ਪੋਸ ਕੇ ਉਚ ਵਿਦਿਆ ਦਿਵਾਈ, ਕਸੇਲ ਜੀ ਨੇ ਵੀ ਉਸੇ ਸਿਰੜ ਨਾਲ ਮਾਂ-ਮਿਟੀ ਅਤੇ ਮਾਂ-ਬੋਲੀ ਦੇ ਕਰਜ਼ੇ ਨੂੰ ਉਤਾਰਨ ਲਈ, ਸਾਰਾ ਜੀਵਨ ਲੇਖੇ ਲਾ ਦਿਤਾ। ਦੇਸ਼, ਕੌਮ ਅਤੇ ਲੋਕਾਈ ਨਾਲ ਪ੍ਰੇਮ ਦੀ ਗੁੜ੍ਹਤੀ ਕਸੇਲ ਜੀ ਨੂੰ ਆਪਣੇ ਤਾਏ ਪ੍ਰਸਿਧ ਗ਼ਦਰੀ ਬਾਬਾ ਹਰਨਾਮ ਸਿੰਘ ਕਸੇਲ ਤੋਂ ਮਿਲੀ ਜਿਨ੍ਹਾਂ ਨੇ ਮਾਸਕੋ ਸਕੂਲ ਤੋਂ ਮਾਰਕਸਵਾਦੀ ਸਿਖਿਆ ਲੈ ਕੇ, ਦੇਸ਼ ਪਰਤਣ ਬਾਅਦ ਕਸੇਲ ਜੀ ਨੂੰ ਪਿਤਰੀ ਪਿਆਰ ਨਾਲ ਨਿਵਾਜਿਆ। ਕਸੇਲ ਜੀ ਦਾ ਬਚਪਨ ਅਤੇ ਯੁਵਾ ਅਵਸਥਾ ਗ਼ਦਰੀ ਬਾਬਿਆਂ ਦਾ ਸਾਮਰਾਜ ਵਿਰੋਧੀ ਆਸ਼ੀਰਵਾਦ ਝੋਲੀ ਪੁਆਉਂਦਿਆਂ ਬੀਤਿਆ। ਆਪਣੀ ਪੜ੍ਹਾਈ ਸਮੇਂ

Namdhari Elibrary NamdhariElibrary@gmail.com

ਵਾਮ-ਸਿਆਸੀ ਵਿਦਿਆਰਥੀ ਗਤੀਵਿਧੀਆਂ ਵਿਚ ਭਾਗ ਲੈਣ ਸਦਕਾ ਉਨ੍ਹਾਂ ਜੇਲ ਯਾਤਰਾ ਵੀ ਕੀਤੀ। ਸਾਮਰਾਜ ਵਿਰੋਧੀ ਗ਼ਦਰ ਲਹਿਰ ਦੀਆਂ ਪੈੜਾਂ ਤੇ ਚਲਣ ਵਾਲੇ ਕਸੇਲ ਜੀ ਗ਼ਦਰ ਲਹਿਰ ਦੀ ਪ੍ਰੇਰਨਾ ਸਰੋਤ ਕੂਕਾ ਲਹਿਰ ਦੇ ਸਮਤਾ-ਮੂਲਕ ਅਕੀਦਿਆਂ ਤੋਂ ਪ੍ਰਭਾਵਿਤ ਹੋ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੱਦੀ ਨਸ਼ੀਨੀ ਦਿਵਸ ਤੋਂ ਹੀ ਉਨ੍ਹਾਂ ਦੇ ਸਨੇਹ-ਪਾਸ਼ ਵਿਚ ਐਸੇ ਬਝੇ ਕਿ ਆਪ ਉਨ੍ਹਾਂ ਦੇ ਹੀ ਹੋ ਕੇ ਰਹਿ ਗਏ। ਸਤਿਗੁਰੂ ਜੀ ਦੇ ਦੇਹਾਵਸਾਨ ਬਾਅਦ ਕਸੇਲ ਜੀ ਉਸੇ ਸ਼ਰਧਾ ਸਤਿਕਾਰ ਨਾਲ ਹਾਜ਼ਰਾ ਹਜ਼ੂਰ ਸਤਿਗੁਰੂ ਉਦੈ ਸਿੰਘ ਜੀ ਨਾਲ ਜੁੜੇ ਹੋਏ ਹਨ।

ਕਸੇਲ ਜੀ ਦੀਆਂ ਪ੍ਰਕਾਸ਼ਿਤ ਪੁਸਤਕਾਂ ਦੀ ਸੰਖਿਆ ਹੁਣ ਸੈਂਕੜਿਆਂ ਨੂੰ ਛੋਂਹਦੀ ਹੈ। ਉਨ੍ਹਾਂ ਦਾ ਅਧਿਆਪਕ ਜੀਵਨ, ਪੰਜਾਬ ਦੇ ਅਨੇਕ ਨਾਮਵਰ ਕਾਲਜਾਂ ਵਿਚ ਪੰਜਾਬੀ ਪੜ੍ਹਾਉਂਦੇ ਬਤੀਤ ਹੋਇਆ। ਉਚ ਜਮਾਤਾਂ ਦੇ ਵਿਦਿਆਰਥੀ ਅਤੇ ਉਨ੍ਹਾ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਲੋਕ ਹਿਤ ਕਸੇਲ ਜੀ ਨੇ ਪ੍ਰੋ. ਪਰਮਿੰਦਰ ਸਿੰਘ ਹੋਰਾਂ ਨਾਲ ਮਿਲ ਕੇ 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੀ ਬੁਨਿਆਦੀ ਪੁਸਤਕ ਲਿਖੀ, ਜਿਸ ਦੇ ਹੁਣ ਤਕ 15 ਸੰਸਕਰਣ ਛਪਣੇ ਕਿਤਾਬ ਦੀ ਉਪਯੋਗਤਾ ਨੂੰ ਸਿਧ ਕਰਦੇ ਹਨ। ਕਸੇਲ ਜੀ ਦਾ ਦੂਜਾ ਵੱਡਾ ਸਾਹਿਤਕ ਕਾਰਜ ਪੰਜਾਬ ਦੇ ਅਲਬੇਲੇ ਸ਼ਾਇਰ ਤੇ ਸਿਖੀ ਦੀ ਆਤਮਾ ਨਾਲ ਧੁਰ ਅੰਦਰ ਤਕ ਪਹਿਚਾਣ ਸਥਾਪਤ ਕਰਨ ਵਾਲੇ ਦਾਰਸ਼ਨਿਕ ਕਵੀ ਪ੍ਰੋ.ਪੂਰਨ ਸਿੰਘ ਜੀ ਦੀਆਂ ਸਮੂਹ ਅੰਗਰੇਜ਼ੀ ਲਿਖਤਾਂ, ਕਵਿਤਾਵਾਂ, ਵਾਰਤਕ ਆਦਿ ਨੂੰ ਐਸਾ ਸੁੰਦਰ ਪੰਜਾਬੀ ਜਾਮਾ ਪੁਆਉਣਾ, ਜਿਸ ਵਿਚੋਂ ਰਚਨਾ ਦੀ ਮੌਲਿਕਤਾ ਦਾ ਅਹਿਸਾਸ ਹੁੰਦਾ ਹੈ। ਇਸੇ ਲਈ ਕਸੇਲ ਹੋਰਾਂ ਦਾ ਤੀਜਾ ਮਾਅਰਕੇ ਦਾ ਕੰਮ ਹੈ, ਕੂਕਾ ਲਹਿਰ ਦੇ ਸਮੁਚੇ ਇਤਿਹਾਸ ਨੂੰ 'ਤਵਾਰੀਖ਼ ਸੰਤ ਖ਼ਾਲਸਾ' (ਗੁਰ-ਇਤਿਹਾਸ) ਦੇ ਨਾਮ ਹੇਠ ਤਿੰਨ ਵਖ ਵਖ ਵੱਡ ਆਕਾਰੀ ਜਿਲਦਾਂ ਵਿਚ ਘੋਖ ਪੜਚੋਲ ਕੇ ਕਲਮਬੰਦ ਕਰਨਾ। ਪਹਿਲੀ ਜਿਲਦ ਵਿਚ ਪਹਿਲੇ ਦਸ ਗੁਰੂ ਸਾਹਿਬਾਨ ਅਤੇ ਫਿਰ ਨਾਮਧਾਰੀ ਪੰਥ ਦੇ ਗੁਰੂ ਬਾਲਕ ਸਿੰਘ, ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਇਤਿਹਾਸਕ ਵਾਕਿਆਤ ਦਰਜ ਹਨ। ਇਸ ਗ੍ਰੰਥ ਵਿਚ ਚਾਰ ਸਦੀਆਂ ਵਿਚ ਫੈਲੇ ਪੰਜਾਬ ਦੇ ਇਤਿਹਾਸ ਦੇ ਦਰਸ਼ਨ ਵੀ ਹੁੰਦੇ ਹਨ। ਦੂਜੀ ਜਿਲਦ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦੇ ਵੇਰਵਿਆਂ ਉਤੇ ਆਧਾਰਤ ਹੈ, ਜਿਸ ਵਿਚ ਉਨ੍ਹੀਵੀਂ ਸਦੀ ਦੇ ਪਹਿਲੇ ਅਧ ਦੀਆਂ ਲੋਕ ਲਹਿਰਾਂ ਅਤੇ ਕੌਮੀ ਮੁਕਤੀ ਅੰਦੋਲਨ ਦੇ ਸਾਕਿਆਂ ਦਾ ਜ਼ਿਕਰ ਹੈ ਅਤੇ ਸਤਿਗੁਰੂ ਜੀ ਵਲੋਂ ਹਰ ਰੰਗ ਦੇ ਸੁਤੰਤਰਤਾ ਸੰਗਰਾਮੀਆਂ ਨੂੰ ਦਿਤੇ ਸਹਿਯੋਗ ਬਾਰੇ ਵੀ ਦਸਿਆ ਹੈ। ਕਸੇਲ ਜੀ ਦੀ ਇਸ ਇਤਿਹਾਸਕ ਤਰੈਲੜੀ ਦੇ ਤੀਜੇ ਗ੍ਰੰਥ 'ਤਵਾਰੀਖ਼ ਸੰਤ ਖ਼ਾਲਸਾ' (ਗੁਰ-ਇਤਿਹਾਸ-III) ਦਾ ਪ੍ਰਕਾਸ਼ਨ ਹੁਣੇ ਹੁਣੇ ਹੋਇਆ ਹੈ। ਇਸ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਤਾ ਕਾਲ ਦੇ (1959 ਤੋਂ 2012) ਅਧੀ ਸਦੀ ਤੋਂ ਵਧ ਸਮੇਂ ਤੇ ਫੈਲੇ ਸਮਾਚਾਰ ਅੰਕਿਤ ਹਨ।

1350 ਸਫਿਆਂ ਦੇ ਇਸ ਤੀਜੇ ਭਾਗ ਵਿਚ ਸਤਿਗੁਰੂ ਕਾਰਜ ਖੇਤਰ ਵਿਚ ਅਧਿਆਤਮਕ, ਧਾਰਮਿਕ ਜੀਵਨ ਸ਼ੈਲੀ ਦੇ ਦਰਸ਼ਨ ਵੀ ਹੁੰਦੇ ਹਨ ਅਤੇ ਉਨ੍ਹਾਂ ਦੇ ਦੇਸ਼ ਦੁਨੀਆਂ ਦੇ ਵਿਭਿੰਨ ਹਿਸਿਆਂ ਵਿਚ ਫੈਲੀਆਂ ਧਾਰਮਿਕ, ਸਿਆਸੀ, ਸਮਾਜਕ ਅਤੇ

Namdhari Elibrary NamdhariElibrary@gmail.com

ਸਾਹਿਤਕ ਹਸਤੀਆਂ ਨਾਲ ਜੀਵੰਤ ਸੰਬੰਧਾਂ ਦਾ ਵਰਣਨ ਵੀ ਹੈ। ਸਤਿਗੁਰੂ ਜੀ ਇਕ ਅਧਿਆਤਮਕ ਮੁਕਤੀ ਦਾਤੇ ਜਿਉਂ ਆਪਣੇ ਸਿਖਾਂ ਨੂੰ ਅਮ੍ਰਿਤ ਵੇਲੇ ਉਠਣ, ਸਕੇਸ਼ ਇਸ਼ਨਾਨ ਕਰਕੇ ਨਾਮਬਾਣੀ ਨਾਲ ਜੁੜਨ, ਮਾਸ ਮਦਿਰਾ ਤੇ ਹਰ ਤਰ੍ਹਾਂ ਦੇ ਵਿਅੰਜਨਾਂ ਤੋਂ ਰਹਿਤ ਸਾਤਵਿਕ ਜੀਵਨ ਗੁਜ਼ਾਰਨ ਦੀ ਸਿਖਿਆ ਵੀ ਦਿੰਦੇ ਹਨ ਅਤੇ ਵਡੇਰੇ ਨਾਮਧਾਰੀ ਪਰਿਵਾਰ ਦੇ ਮੁਖੀ ਵਜੋਂ ਆਪਣੇ ਸਿਖਾਂ ਦੀਆਂ ਪਰਿਵਾਰਕ ਸਮਸਿਆਵਾਂ, ਕਾਰੋਬਾਰੀ ਮੁਸ਼ਕਿਲਾਂ ਅਤੇ ਕਈ ਵੇਰ ਉਨ੍ਹਾਂ ਦੇ ਆਪਸੀ ਵਿਵਾਦਾਂ ਦੇ ਨਿਪਟਾਰੇ ਵਿਚ ਵੀ ਦਖ਼ਲ ਅੰਦਾਜ਼ੀ ਕਰਿਆ ਕਰਦੇ ਸਨ। ਨਾਮਧਾਰੀ ਰਹਿਤ ਮਰਿਆਦਾ ਦੀ ਪਾਲਣਾ ਤੇ ਹਮੇਸ਼ਾਂ ਜ਼ੋਰ ਦਿੰਦੇ। ਹੋਲਿਆਂ, ਮੇਲਿਆਂ ਜਾਂ ਹੋਰ ਦੀਵਾਨਾਂ ਸਮੇਂ ਸੰਗਤ ਵਿਚ ਨਾਮਧਾਰੀਆਂ ਦੇ ਅੰਤਰ-ਜਾਤੀ, ਦਾਜ ਦਹੇਜ ਅਤੇ ਹਰ ਤਰ੍ਹਾਂ ਦੇ ਵਿਖਾਵਾ-ਰਹਿਤ ਅਨੰਦ ਕਾਰਜਾਂ ਲਈ ਪ੍ਰੇਰਨਾ ਦਿੰਦੇ। ਉਲੰਘਣਾ ਕਰਨ ਵਾਲਿਆਂ ਨੂੰ ਸੰਗਤ ਵਿਚ ਖਲਿਹਾਰ ਕੇ ਡੰਨ ਵੀ ਲਾਇਆ ਜਾਂਦਾ। ਉਹ ਹਮੇਸ਼ਾ ਧਰਮ ਦੀ ਕਿਰਤ ਕਰਨ ਅਤੇ ਇਸ ਵਿਚੋਂ ਹਮੇਸ਼ਾ ਲੋੜਵੰਦਾਂ ਦੀ ਸਹਾਇਤਾ ਕਰਨ ਦਾ ਉਪਦੇਸ਼ ਵੀ ਦਿੰਦੇ ਸਨ। ਆਪ ਦਾ ਆਪਣਾ ਖ਼ਜ਼ਾਨਾ ਨਾਮਧਾਰੀਆਂ, ਗ਼ੈਰ ਨਾਮਧਾਰੀਆਂ, ਬਿਨਾਂ ਕਿਸੇ ਵਿਤਕਰੇ ਦੇ ਸਭ ਅਭਿਆਰਥੀਆਂ ਲਈ ਹਮੇਸ਼ਾਂ ਮਦਦਗਾਰ ਹੁੰਦਾ ਰਿਹਾ। ਅਨੇਕ ਨਾਮੀ ਗਰਾਮੀ ਵਿਅਕਤੀ ਜਿਹੜੇ ਆਪਣੇ ਜੀਵਨ ਦੀ ਚੜ੍ਹਾਈ ਵੇਲੇ ਸਿਖ਼ਰ ਉਤੇ ਹੁੰਦੇ ਸਨ, ਜੀਵਨ ਦੀਆਂ ਢਲਦੀਆਂ ਤ੍ਰਿਕਾਲਾਂ ਵੇਲੇ ਜਦੋਂ ਆਪਣੇ ਘਰਾਂ ਵਿਚ ਹੀ ਬਹਿਣ ਜੋਗੇ ਰਹਿ ਗਏ, ਅਜਿਹੇ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਉਨ੍ਹਾਂ ਦੀ ਘਰ ਜਾ ਕੇ ਖ਼ਬਰ ਸਾਰ ਪੁਛਦੇ, ਉਨ੍ਹਾਂ ਦੀਆਂ ਲੋੜਾਂ ਬਾਰੇ ਜਾਣਦੇ ਅਤੇ ਫਿਰ ਉਨ੍ਹਾਂ ਦੀ ਸ਼ੀਘਰ ਪੂਰਤੀ ਦਾ ਦਿਲਾਸਾ ਦੇ ਕੇ ਵਿਦਾਅ ਹੁੰਦੇ। ਇਸ ਸੰਬੰਧ ਵਿਚ ਮੁੜ ਉਹ ਵਿਅਕਤੀ ਜੀਵਨ ਪਰਯੰਤ ਆਰਥਿਕ ਸਹਿਯੋਗ ਪ੍ਰਾਪਤ ਕਰਦੇ ਅਤੇ ਸਤਿਗੁਰੂ ਜੀ ਦੀ ਉਦਾਰਤਾ ਦੇ ਵਾਰਨੇ ਜਾਂਦੇ। ਤੀਜੇ ਭਾਗ ਵਿਚੋਂ ਇਸ ਸੰਬੰਧੀ ਅਨੇਕ ਵੇਰਵੇ ਤੇ ਰੌਚਿਕ ਤਥ ਪੜ੍ਹਨ ਨੂੰ ਮਿਲਣਗੇ।

ਸਤਿਗੁਰੂ ਜੀ ਵਲੋਂ ਗੁਰਮਤਿ ਅਤੇ ਸ਼ਾਸਤਰੀ ਸੰਗੀਤ, ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੀਆਂ ਸਵਾ ਲਖ ਦੀਆਂ ਦੋ ਲੜੀਆਂ ਸੰਪੂਰਨ ਕਰਕੇ ਤੀਜੀ ਜਾਰੀ ਕਰਨ, ਨਾਮਧਾਰੀ ਸ਼ਹੀਦਾਂ ਦੇ ਸਮਾਰਕਾਂ ਦਾ ਨਿਰਮਾਣ, ਗੁਰੂ ਸਾਹਿਬਾਨ ਅਤੇ ਇਤਿਹਾਸਕ ਘਟਨਾਵਾਂ ਦੀਆਂ ਸ਼ਤਾਬਦੀਆਂ ਮਨਾਉਣੀਆਂ, ਵਿਸ਼ਵ -ਅਮਨ ਵਿਸ਼ੇਸ਼ ਕਰਕੇ ਪੰਜਾਬ ਵਿਚ ਅਮਨ ਸ਼ਾਂਤੀ ਦੀ ਬਹਾਲੀ ਲਈ ਉਪਰਾਲੇ, ਨਾਮਧਾਰੀ ਸਾਹਿਤ, ਇਤਿਹਾਸ ਦੇ ਪ੍ਰਕਾਸ਼ਨ, ਵਿਸ਼ਵ-ਵਿਦਿਆਲਿਆਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਉਤੇ ਚੇਅਰਜ਼ ਸਥਾਪਿਤ ਕਰਵਾਉਣੀਆਂ, ਕੂਕਾ ਅੰਦੋਲਨ ਦੇ 150 ਸਾਲਾਂ ਨੂੰ ਸਮਰਪਿਤ ਸੈਮੀਨਾਰਾਂ ਦੀਆਂ ਲੜੀਆਂ, ਨਾਮਧਾਰੀ ਹਾਕੀ ਅਤੇ ਹੋਰ ਖੇਡਾਂ ਵਿਚ ਨਾਮਧਾਰੀਆਂ ਦੀ ਪਹਿਚਾਣ, ਨਾਮਧਾਰੀ ਸੀਡਜ਼ ਨੂੰ ਇਕ ਸਫਲ ਅਦਾਰਾ ਬਣਾਉਣਾ, ਦੇਸ਼ਾਂ ਵਿਦੇਸ਼ਾਂ ਵਿਚ ਹਰ ਵਰ੍ਹੇ ਲਖਾਂ ਕਿਲੋਮੀਟਰ ਸਫਰ ਕਰਕੇ ਗੁਰਮਤਿ ਪ੍ਰਚਾਰ, ਗਊ ਰਖਿਆ ਲਈ ਪਸ਼ੂ ਪਾਲਣ ਨੂੰ ਉਤਸ਼ਾਹ, ਬਾਗਬਾਨੀ, ਜੈਵਿਕ ਖੇਤੀ, ਪਰਿਆਵਰਣ ਸੰਭਾਲ, ਉੜਿਆਂ ਥੁੜਿਆਂ ਲਈ ਬਿਰਧ-ਸ਼ਾਲਾਵਾਂ ਦਾ ਨਿਰਮਾਣ, ਨਾਮਧਾਰੀ ਸਾਹਿਤਕ ਪਰਚਿਆਂ ਨੂੰ ਸਹਿਯੋਗ, ਪੰਜਾਬੀ ਭਾਸ਼ਾ ਲਈ ਵਿਸ਼ੇਸ਼ ਉਪਰਾਲੇ, ਲੇਖਕ ਸੰਮੇਲਨਾਂ ਵਿਚ ਸਹਿਯੋਗ, ਸਤਿਗੁਰੂ ਪਰਤਾਪ ਸਿੰਘ ਅਪੋਲੋ ਹਸਪਤਾਲ, ਲੁਧਿਆਣਾ ਦਾ

Namdhari Elibrary NamdhariElibrary@gmail.com

ਨਿਰਮਾਣ, ਸ੍ਰੀ ਭੈਣੀ ਸਾਹਿਬ ਦੇ ਇਤਿਹਾਸਕ ਅਸਥਾਨਾਂ ਦਾ ਪੁਨਰ ਨਿਰਮਾਣ ਅਤੇ ਵਿਸਥਾਰ ਆਦਿ ਅਨੇਕ ਪਖਾਂ ਤੇ ਇਹ ਰਚਨਾ ਵਿਸਥਾਰ ਸਹਿਤ ਚਾਨਣਾ ਪਾਉਂਦੀ ਹੈ। ਹਰ ਵਰ੍ਹੇ ਹੋਣ ਵਾਲੇ ਹੋਲੇ ਮਹੱਲੇ, ਅਸੂ ਦੇ ਮੇਲੇ, ਬਸੰਤ ਦੇ ਮੇਲੇ, ਸ਼ਹੀਦੀ ਮੇਲੇ (ਪੁਰਖ ਤੇ ਇਸਤਰੀ) ਵਿਦਿਅਕ ਜਥਿਆਂ ਦੇ ਵਾਰਸ਼ਿਕ ਸੰਮੇਲਨ, ਸੰਗੀਤ ਸੰਮੇਲਨ ਆਦਿ ਮਹਤਵਪੂਰਨ ਘਟਨਾਵਾਂ ਦਾ ਵਿਸਥਾਰ ਸਹਿਤ ਵਰਣਨ ਪੁਸਤਕ ਵਿਚ ਦਰਜ ਹੈ। ਬਹੁਤ ਸਾਰੇ ਵਿਦੇਸ਼ੀ ਦੌਰਿਆਂ ਨੂੰ ਪੜ੍ਹ ਕੇ ਪਾਠਕ ਉਥੋਂ ਦੀਆਂ ਪਾਰਕਾਂ, ਝੀਲਾਂ, ਸਫਾਰੀਆਂ, ਸਾਗਰ ਤਟਾਂ, ਪਹਾੜਾਂ, ਰੇਗਿਸਤਾਨਾਂ ਆਦਿ ਦਾ ਜ਼ਿਕਰ ਪੜ੍ਹ ਕੇ ਮਹਿਸੂਸ ਕਰਦਾ ਹੈ ਕਿ ਉਹ ਵੀ ਜਿਵੇਂ ਇਸ ਯਾਤਰਾ ਵਿਚ ਸ਼ਾਮਲ ਹੀ ਹੋਵੇ।

ਕਈ ਥਾਂਈਂ ਘਟਨਾਵਾਂ ਦੀ ਜੀਵੰਤ ਪੇਸ਼ਕਾਰੀ ਇਸ ਦੀ ਇਤਿਹਾਸਕਿਤਾ ਵਿਚ ਬੇਜੋੜ ਵਾਧਾ ਕਰਨ ਵਾਲੀ ਹੋ ਨਿਬੜਦੀ ਹੈ। 12 ਮਾਰਚ, 1983 ਨੂੰ ਕੀਨੀਆਂ (ਅਫ਼ਰੀਕਾ) ਦੇ ਨੈਸ਼ਨਲ ਥੀਏਟਰ ਵਿਖੇ, ਨੈਰੋਬੀ ਦੇ ਨੌਜੁਆਨਾਂ ਦੇ ਨਾਮਧਾਰੀ ਵਿਦਿਅਕ ਜਥੇ ਦੇ ਉਦਮ ਨਾਲ ਸੰਗੀਤ ਸੰਮੇਲਨ ਹੋਇਆ, ਜਿਸ ਦਾ ਸੁਵਿਸਥਾਰ ਵਰਣਨ, ਕਵੀ ਜੀ ਰਚਿਤ 'ਬੀਤੇ ਦੀਆਂ ਪੈੜਾਂ ਦੇ 11ਵੇਂ ਭਾਗ' ਵਿਚ ਮਿਲਦਾ ਹੈ।

ਕਸੇਲ ਜੀ ਨੇ ਆਪਣੀ ਇਸ ਪੁਸਤਕ ਦੇ ਪੰਨਾ 511 ਉਤੇ 'ਭੁਲ ਦੀ ਸੋਧ' ਅਨੁਵਾਨ ਤਹਿਤ ਲਿਖਿਆ ਹੈ, " ਇਸੇ ਲਿਖਤ ਵਿਚ ਕਵੀ ਜੀ ਠਾਕੁਰ ਦਲੀਪ ਸਿੰਘ ਬਾਰੇ ਆਪਣੀਆਂ ਗ਼ਲਤ ਬਿਆਨੀਆਂ ਦਾ ਜ਼ਿਕਰ ਕਰਦੇ ਹਨ ਕਿ ਕਿਵੇਂ ਸਤਿਗੁਰੂ ਜੀ ਨੇ ਉਨ੍ਹਾਂ ਦੀ ਸੋਧ ਮੌਕੇ ਤੇ ਹੀ ਕਰਵਾਈ। ਕਵੀ ਜੀ ਵਰਤਮਾਨ ਸੰਬੰਧਾਂ ਨੂੰ ਵੇਖਦਿਆਂ ਕਹਿ ਬੈਠੇ ਸਨ ਕਿ ਠਾਕੁਰ ਦਲੀਪ ਸਿੰਘ ਜੀ ਸਤਿਗੁਰੂ ਜੀ ਦੇ ਸਪੁੱਤਰ ਹਨ ਤੇ ਉਨ੍ਹਾਂ ਦੇ ਜਾਨਸ਼ੀਨ ਵਜੋਂ ਸਤਿਗੁਰੂ ਜੀ ਵਲੋਂ ਤਿਆਰ ਕੀਤੇ ਜਾ ਰਹੇ ਹਨ। ਇਸ ਦੇ ਹੁਕਮ ਅਨੁਸਾਰ ਕਵੀ ਜੀ ਨੇ ਸੰਗੀਤ ਸੰਮੇਲਨ ਵਿਚ ਹੀ ਖ਼ਿਮਾਂ ਸਹਿਤ ਭੁਲ ਦੀ ਸੋਧ ਇਉਂ ਕੀਤੀ ਕਿ ਠਾਕੁਰ ਦਲੀਪ ਸਿੰਘ, ਮਹਾਰਾਜ ਬੀਰ ਸਿੰਘ ਜੀ ਦੇ ਸਪੁੱਤਰ ਹਨ ਅਤੇ ਅਜੇ ਤਕ ਸਤਿਗੁਰੂ ਜੀ ਨੇ ਆਪਣਾ ਕੋਈ ਜਾਨਸ਼ੀਨ ਨਹੀਂ ਥਾਪਿਆ। ਇਸ ਛੋਟੀ ਜਿਹੀ ਪਰ ਅਤੀ ਮਹਤਵਪੂਰਨ ਘਟਨਾ ਵਿਚ ਭਾਵੀ ਨਾਮਧਾਰੀ ਇਤਿਹਾਸ ਦੇ ਬੀਜ ਛਿਪੇ ਹੋਏ ਸਨ।"

ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗਦੀ ਤੇ ਬਿਰਾਜਮਾਨ ਹੋਣ ਦੀ ਪਹਿਲੀ ਸਾਲਗਿਰਾਹ ਉਤੇ ਸਤਿਗੁਰੂ ਜੀ ਵਲੋਂ 1 ਸਤੰਬਰ, 1960 ਨੂੰ ਪੰਜਾਬੀ ਭਾਸ਼ਾ, ਸਾਹਿਤ ਨੂੰ ਸਮਰਪਿਤ ਇਕ ਸੰਮੇਲਨ ਕਰਵਾ ਕੇ ਮਾਂ-ਬੋਲੀ ਪ੍ਰਤੀ ਆਪਣੇ ਪ੍ਰੇਮ ਦਾ ਪ੍ਰਗਟਾਵਾ ਕੀਤਾ ਗਿਆ। ਉਦੋਂ ਪੰਜਾਬ ਵਿਚ ਕੁਝ ਧਿਰਾਂ ਹਿੰਦੀ-ਪੰਜਾਬੀ ਦੇ ਝਗੜੇ ਨੂੰ ਹਵਾ ਦੇ ਰਹੀਆਂ ਸਨ। ਸਤਿਗੁਰੂ ਜੀ ਦੀ ਇਸ ਸੰਮੇਲਨ ਵਿਚ ਭਾਸ਼ਾ ਦੇ ਨਜ਼ਰੀਏ ਪ੍ਰਤੀ ਸਾਰਥਿਕ ਪਹੁੰਚ, ਹਰ ਪੰਜਾਬੀ ਆਪਣੀ ਬੋਲੀ ਪੰਜਾਬੀ ਲਿਖਾਏ, ਭਾਸ਼ਾ ਨੂੰ ਧਰਮ ਨਾਲ ਨਾ ਜੋੜਿਆ ਜਾਏ, ਇਸ ਵਿਵਾਦ ਨੂੰ ਹਲ ਕਰਨ ਵਿਚ ਕਾਫ਼ੀ ਸਹਾਈ ਹੋਈ। ਸਤਿਗੁਰੂ ਜੀ ਨੇ ਇਸ ਸਮਾਗਮ ਵਿਚ ਆਪਣੇ ਭਾਸ਼ਣ ਵਿਚ ਸ.ਗੁਰਬਖ਼ਸ਼ ਸਿੰਘ ਪ੍ਰੀਤਲੜੀ, ਅਵਤਾਰ ਸਿੰਘ ਅਜ਼ਾਦ, ਕਰਤਾਰ ਸਿੰਘ ਸ਼ਮਸ਼ੇਰ, ਪਿਆਰਾ ਸਿੰਘ ਪਦਮ, ਪ੍ਰੋ. ਕਿਰਪਾਲ ਸਿੰਘ ਕਸੇਲ, ਕਰਤਾਰ ਸਿੰਘ ਕਾਲੜਾ ਆਦਿ ਆਏ ਸਮੂਹ ਸਾਹਿਤਕਾਰਾਂ ਦਾ ਅਭਿਨੰਦਨ ਕਰਦਿਆਂ, ਇਸ ਮੌਕੇ ਕਟੜਤਾ ਛਡਣ

ਦਾ ਉਪਦੇਸ਼ ਦਿਤਾ, "ਨਾਮਧਾਰੀ ਅਦਰਸ਼ ਕਟੜ ਰਹਿ ਕੇ ਵੀ ਨਾਲ ਮਿਲਵਰਤੋਂ, ਦੂਜਿਆਂ ਦੀ ਸੇਵਾ ਤੋਂ ਕਦੇ ਗੁਰੇਜ਼ ਕਰਨਾ ਨਹੀਂ ਸਿਖਾਂਦਾ। ਆਪਣੇ ਧਰਮ ਵਿਚ ਪਰਪੱਕ ਰਹਿ ਕੇ ਦੂਜੇ ਵਲ ਵਤੀਰੇ ਨੂੰ ਉਹ ਇੰਝ ਲੈਂਦਾ, ਜਿਵੇਂ ਨਾਮਧਾਰੀ ਗਊਹਿਤ ਹੈ, ਇਸ ਦੀ ਰਖਿਆ ਲਈ ਜਾਨ ਦੀ ਬਾਜ਼ੀ ਲਾਂਦਾ ਹੈ, ਪਰ ਜੇ ਕਦੇ ਇਸ ਦੇ ਘਰ ਗਊ ਰਤ ਲਿਬੜੀ ਛੁਰੀ ਲੈ ਕੇ ਕਸਾਈ ਵੀ ਭੁਖਾ ਆ ਜਾਏ ਤਾਂ ਉਸ ਲਈ ਪ੍ਰਸ਼ਾਦਿ ਪਾਣੀ ਛਕਾਣਾ ਜ਼ਰੂਰੀ ਹੋ ਜਾਂਦਾ ਹੈ ਅਤੇ ਇਹ ਸੇਵਾ ਉਸ ਦੇ ਮਨੁੱਖ ਹੋਣ ਦੀ ਕਦਰ ਵਿਚੋਂ ਉਪਜਦੀ ਹੈ। ਕੋਈ ਆਦਮੀ ਨਫ਼ਰਤ ਦੇ ਯੋਗ ਨਹੀਂ, ਉਸ ਦੇ ਕਸੂਤੇ ਕੰਮ ਹੀ ਨਫ਼ਰਤਯੋਗ ਹਨ। ਏਹੋ ਅਸੂਲ ਨਾਮਧਾਰੀਆਂ ਦੇ ਸਦਾਚਾਰ ਦੀ ਆਧਾਰਸ਼ਿਲਾ ਹੈ।" (ਸਫਾ 96)

ਪੁਸਤਕ ਵਿਚ ਵੀਹਵੀਂ ਸਦੀ ਦੇ ਆਖ਼ਰੀ ਚਾਰ ਅਤੇ ਇਕੀਵੀਂ ਸਦੀ ਦੇ ਪਹਿਲੇ ਇਕ ਦਹਾਕੇ ਦੀਆਂ ਸਮਕਾਲੀ ਰਾਸ਼ਟਰੀ, ਅੰਤਰ-ਰਾਸ਼ਟਰੀ ਮੁਖ ਘਟਨਾਵਾਂ ਦਾ ਵੀ ਵਰਣਨ ਹੈ। ਇਸ ਵਿਚ ਨਾਮਧਾਰੀ ਜਗਤ ਦੀ ਸਾਹਿਤ, ਇਤਿਹਾਸ, ਸਮਾਜ ਸ਼ਾਸਤਰ ਅਤੇ ਮਨੋ ਵਿਗਿਆਨ ਪਖੋਂ ਵੀ ਖੋਜ ਪੜਤਾਲ ਲਈ ਵਡਮੁਲੀ ਸਮਗਰੀ ਅੰਕਿਤ ਹੈ। ਹਜ਼ਾਰਾਂ ਵਿਅਕਤੀਆਂ, ਘਟਨਾਵਾਂ ਦਾ ਇਸ ਵਿਚ ਵਰਣਨ ਇਸ ਨੂੰ ਸੰਦਰਭ ਗ੍ਰੰਥ ਦੀ ਮਾਨਤਾ ਦਿਵਾਉਂਦਾ ਹੈ।

ਡਾ. ਦਰਸ਼ਨ ਸਿੰਘ ਆਸ਼ਟ (ਸ਼੍ਰੋਮਣੀ ਬਾਲ ਸਾਹਿਤਕਾਰ) ਨੇ ਪ੍ਰੋਫ਼ੈਸਰ ਕਸੇਲ ਦੀ ਸਰਪਰਸਤੀ ਹੇਠ ਚਲਾਈ ਜਾ ਰਹੀ ਪੰਜਾਬੀ ਸਾਹਿਤ ਸਭਾ, ਪਟਿਆਲਾ ਦੀਆਂ ਕਾਰਗੁਜ਼ਾਰੀਆਂ ਦਾ ਜ਼ਿਕਰ ਕੀਤਾ ਅਤੇ ਕਸੇਲ ਜੀ ਦੀਆਂ ਲਿਖਤਾਂ ਦੀ ਸ਼ਲਾਘਾ ਖੁਲ੍ਹ ਕੇ ਕੀਤੀ।

ਪ੍ਰਿੰ. ਕਰਤਾਰ ਸਿੰਘ ਕਾਲੜਾ ਨੇ ਆਪਣੇ ਨਾਮਧਾਰੀ ਦਰਬਾਰ ਨਾਲ ਅਤੇ ਪ੍ਰੋਫ਼ੈਸਰ ਕਸੇਲ ਜੀ ਨਾਲ ਸੰਬੰਧਾਂ ਦਾ ਖੁਲ੍ਹ ਕੇ ਜ਼ਿਕਰ ਕੀਤਾ ਅਤੇ ਆਖਿਆ ਕਿ ਪ੍ਰੋਫ਼ੈਸਰ ਸਾਹਿਬ ਨੇ ਦਿਲੋਂ ਦਰਬਾਰ ਪ੍ਰਤੀ ਸੰਵੇਦਨਾ ਨਾਲ ਕਾਰਜ ਕਰ ਵਿਖਾਇਆ ਹੈ, ਜੋ ਬਹੁਤ ਹੀ ਗੁਣਕਾਰੀ ਸਾਬਤ ਹੁੰਦਾ ਹੈ ਕਿਉਂਕਿ ਇਸ ਵਿਚ ਦਰਜ ਸਮੱਗਰੀ ਮਾਰਗ ਦਰਸ਼ਨ ਕਰਦੀ ਹੋਈ ਪੰਜਾਬ ਦੇ ਇਤਿਹਾਸ ਬਾਰੇ ਵੀ ਚਾਨਣਾ ਪਾਉਂਦੀ ਹੈ। ਆਪ ਦੇ ਕਾਵਿਕ ਬੋਲ ਹਨ :-

ਹਥ ਵਿਚ ਲੈ ਕੇ ਦੀਪਕ ਸਿਰਜਨ ਸ਼ਕਤੀ ਦਾ,
ਸ਼ਬਦਾਂ ਦਾ ਵਣਜਾਰਾ ਬਣ ਹੈ ਗੌਂਸ ਗਿਆ।
ਸੋਝੀਵਾਨ ਸੁਜਾਖੇ ਕੁਝ ਸ਼ਰਮਿੰਦਾ ਨੇ
ਸੋਝੀਵਾਨ ਮੁਨਾਖਾ ਕਿਥੇ ਪਹੁੰਚ ਗਿਆ।

ਨਾਮਧਾਰੀ ਦਰਬਾਰ ਪ੍ਰਤੀ ਕ੍ਰਿਤਗਤਾ ਪ੍ਰਗਟ ਕਰਦਿਆਂ ਡਾਕਟਰ ਆਸ਼ਟ ਨੇ ਵਾਕਫ਼ੀ ਕਰਵਾਈ ਕਿ ਸਾਹਿਤਕਾਰਾਂ ਤੇ ਵਿਦਵਾਨਾਂ ਜਿਵੇਂ ਸੰਤੋਖ ਸਿੰਘ ਧੀਰ, ਸੰਤ ਸਿੰਘ ਸੇਖੋਂ, ਡਾ. ਰਤਨ ਸਿੰਘ ਜੱਗੀ, ਪ੍ਰੋ. ਪ੍ਰੀਤਮ ਸਿੰਘ, ਪ੍ਰਿੰ. ਪ੍ਰਿਤਪਾਲ ਸਿੰਘ, ਤਤਕਾਲੀ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਡਾ. ਮਦਨ ਲਾਲ ਹਸੀਜਾ, ਡਾ. ਸੁਰਜੀਤ ਪਾਤਰ, ਗੁਰਭਜਨ ਗਿੱਲ, ਅਤੇ ਡਾ. ਐਸ. ਤਰਸੇਮ ਆਦਿ ਇਸ ਪਵਿਤਰ ਸਥਾਨ ਤੋਂ ਸ਼ੁਭ ਅਸੀਸਾਂ ਤੇ ਮਾਣ ਸਤਿਕਾਰ ਹਾਸਲ ਕਰਦੇ ਰਹੇ ਹਨ ਅਤੇ ਗੁਰੂ ਦਰਬਾਰ ਨੇ ਵੀ ਕੋਈ ਕਸਰ ਬਾਕੀ ਨਹੀਂ

Namdhari Elibrary NamdhariElibrary@gmail.com

ਰਹਿਣ ਦਿਤੀ ਕਿ ਵਧ ਚੜ੍ਹ ਕੇ ਯੋਗਦਾਨ ਨਾ ਪਾਇਆ ਹੋਵੇ। ਮੈਂ ਪਹਿਲੀ ਵਾਰ ਇਸ ਪਾਵਨ ਸਥਾਨ ਉਤੇ ਆਇਆ ਹਾਂ ਅਤੇ ਖ਼ੁਸ਼ੀਆਂ ਝੋਲੀ ਪਾ ਕੇ ਪਰਤ ਰਿਹਾ ਹਾਂ।

ਪ੍ਰੋਫੈਸਰ ਕੁਲਵੰਤ ਸਿੰਘ ਗਰੇਵਾਲ ਨੇ ਆਖਿਆ ਕਿ ਮੈਂ ਇਸ ਪਵਿੱਤਰ ਧਾਮ ਉਤੇ ਤਿੰਨ ਚਾਰ ਵਾਰ ਜਿਆਰਤ ਕਰ ਚੁਕਾ ਹਾਂ। ਮੇਰੇ ਧੁਰ ਅੰਦਰ ਇਕ ਨਿਵੇਕਲੀ ਭਾਂਤ ਦਾ ਸਕੂਨ ਮਹਿਸੂਸ ਹੁੰਦਾ ਹੈ। ਇਹੋ ਜਿਹੀ ਹੀ ਅਪਾਰ ਖੁਸ਼ੀ ਮੈਨੂੰ ਮੇਰੇ ਸ਼ਾਂਤੀ ਨਿਕੇਤਨ ਵਿਖੇ ਪੜ੍ਹਾਈ ਹਾਸਲ ਕਰਦਿਆਂ ਹੁੰਦੀ ਰਹੀ ਹੈ। ਇਥੇ ਗੁਰੂ ਕਿਰਪਾ ਨਾਲ ਸ਼ਾਂਤੀ ਤੇ ਗੁਰਬਾਣੀ ਦਾ ਪ੍ਰਵਾਹ ਮੋਹ ਲੈਂਦਾ ਹੈ। ਕੀਰਤਨ ਸਰਵਣ ਕਰਨ ਦਾ ਇਕ ਤਲਿਸਮੀ ਵਰਤਾਰਾ ਵਰਤਦਾ ਇਥੇ ਹੀ ਨਜ਼ਰੀ ਪੈਂਦਾ ਹੈ। ਬਾਗ਼ ਬਗੀਚਿਆਂ ਵਿਚ ਮੋਰਾਂ ਦੀ ਸੁਰੀਲੀ ਤੇ ਮੰਤਰ ਮੁਗਧ ਕਰ ਲੈਣ ਵਾਲੀ ਕੂਕ ਹਿਰਦਿਆਂ ਨੂੰ ਠਾਰਦੀ ਪ੍ਰਤੀਤ ਹੁੰਦੀ ਹੈ। ਇਸ ਦਰਬਾਰ ਨੇ ਜਿਥੇ ਹਰ ਸਭ ਪ੍ਰਕਾਰ ਦੀਆਂ ਬਖਸ਼ਿਸ਼ਾਂ ਕੀਤੀਆਂ ਹੋਈਆਂ ਹਨ, ਉਥੇ ਪੁਸਤਕਾਂ ਦਾ ਪ੍ਰਸਾਦਿ ਗ਼ੈਰ ਨਾਮਧਾਰੀ ਜਿਊੜਿਆਂ ਤਕ ਵੀ ਪਹੁੰਚਦਾ ਹੋ ਜਾਵੇ ਤਾਂ ਸੋਨੇ ਉਤੇ ਸੁਹਾਗੇ ਵਾਲੀ ਗੱਲ ਹੋ ਸਕਦੀ ਹੈ। ਮੈਂ ਇਸ ਧਾਮ ਨੂੰ ਨਮਸਕਾਰਦਾ ਹਾਂ।

ਸਰਦਾਰ ਪੰਛੀ ਨੇ ਆਪਣੀਆਂ ਦੋ ਤਿੰਨ ਸ਼ਰਧਾ ਭਾਵਨਾ ਵਾਲੀਆਂ ਪੁਖ਼ਤਾਂ ਗ਼ਜ਼ਲਾਂ ਪ੍ਰਸਤੁਤ ਕੀਤੀਆਂ, ਜਿਸ ਦਾ ਸਭਨਾਂ ਨੇ ਭਰਵਾ ਸੁਆਗਤ ਕੀਤਾ।

ਡਾ. ਗੁਲਜਾਰ ਪੰਧੇਰ ਨੇ ਆਪਣੀ ਹਾਜ਼ਰੀ ਲਵਾਉਂਦੇ ਹੋਏ ਆਖਿਆ ਕਿ ਨਾਮਧਾਰੀ ਦਰਬਾਰ ਵਿਚ ਹਮੇਸ਼ਾ ਹੀ ਲੇਖਕਾਂ ਤੇ ਬੁਧੀਜੀਵੀਆਂ ਦੀ ਪੁਸ਼ਤ-ਪਨਾਹੀ ਕੀਤੀ ਜਾਂਦੀ ਹੈ। ਕਸੇਲ ਜੀ ਦੀਆਂ ਦਰਬਾਰ ਪ੍ਰਤੀ ਲਿਖੀਆਂ ਪੁਸਤਕਾਂ ਸਾਡਾ ਸਭਨਾਂ ਦਾ ਰਾਹ ਰੌਸ਼ਨ ਕਰਦੀਆਂ ਪ੍ਰਤੀਤ ਹੁੰਦੀਆਂ ਹਨ।

ਸ੍ਰੀ ਗੁਰਭਜਨ ਗਿੱਲ ਨੇ ਇਸ ਮੌਕੇ ਉਤੇ ਗੱਲ ਕਰਦਿਆਂ ਆਪਣੀ ਅਕੀਦਤ ਭੇਟ ਕੀਤੀ ਅਤੇ ਨਾਮਧਾਰੀ ਦਰਬਾਰ ਵਲੋਂ ਲੇਖਕਾਂ, ਸਾਹਿਤਕਾਰਾਂ ਤੇ ਬੁੱਧੀਜੀਵੀਆਂ ਲਈ ਦਿੱਤੇ ਜਾਂਦੇ ਸਮੇਂ ਸਮੇਂ ਸਹਿਯੋਗ ਤੇ ਕਿਰਪਾ ਕਟਾਖ਼ ਤੋਂ ਜਾਣੂੰ ਕਰਵਾਇਆ। ਸਾਹਿਤ ਸਮਾਗਮਾਂ ਵਿਚ ਨਿਭਾਏ ਜਾਂਦੇ ਅਹਿਮ ਰੋਲ ਦੀ ਵੀ ਖੁਲ੍ਹ ਕੇ ਚਰਚਾ ਕਰਦਿਆਂ ਆਖਿਆ ਕਿ ਆਪ ਦੇ ਸਹਿਯੋਗ ਤੋਂ ਬਿਨਾਂ ਸਾਹਿਤਕ ਸਮਾਗਮ ਸੰਪੰਨ ਹੀ ਨਹੀਂ ਹੁੰਦੇ।

ਨਾਮਧਾਰੀ ਗੁਰਸੇਵਕ ਸਿੰਘ ਨੇ ਹਾਜ਼ਰੀ ਲਗਾਉਂਦਿਆਂ ਪ੍ਰੋਫ਼ੈਸਰ ਕਸੇਲ ਜੀ ਨਾਲ ਆਪਣੇ ਪਿੰਡ 'ਕਸੇਲ' ਦੀ ਵਾਕਫ਼ੀ ਕਰਵਾਈ ਅਤੇ ਆਖਿਆ ਕਿ ਸਾਡਾ ਪਿੰਡ ਗ਼ਦਰੀ ਤੇ ਦੇਸ਼ ਭਗਤਾਂ ਵਾਲਾ ਹੈ ਅਤੇ ਵਿਦਵਤਾ ਪਖੋਂ ਕਸੇਲ ਜੀ ਵੀ ਉਚ ਸਥਾਨ ਰਖਦੇ ਹਨ ਤੇ ਸਾਰਾ ਪਿੰਡ ਇਨ੍ਹਾਂ ਦੀਆਂ ਲਿਖਤਾਂ ਉਤੇ ਮਾਣ ਕਰਦਾ ਫੁਲਿਆ ਨਹੀਂ ਸਮਾਉਂਦਾ।

ਤ੍ਰਿਲੋਕ ਸਿੰਘ ਢਿਲੋਂ ਨੇ ਆਪਣੇ ਚਾਚਾ ਸ੍ਰੀ ਕਸੇਲ ਜੀ ਨਾਲ ਸੰਬੰਧਾਂ ਦਾ ਹਵਾਲਾ ਦਿੰਦਿਆਂ ਆਖਿਆ ਕਿ ਇਨ੍ਹਾਂ ਦੀ ਵਿਦਵਤਾ ਦਾ ਹੀ ਨਤੀਜਾ ਹੈ ਕਿ ਮੈਂ ਵੀ ਕੁਝ ਰਚਨਾ ਕਰਨ ਯੋਗ ਹੋਇਆ ਹਾਂ। ਆਪ ਦੀਆਂ ਲਿਖਤਾਂ ਮੇਰਾ ਹੀ ਨਹੀਂ ਸਗੋਂ ਸਾਰੇ ਪੰਜਾਬੀ ਪ੍ਰੇਮੀਆਂ ਦਾ ਰਾਹ ਰੁਸ਼ਨਾਉਂਦੀਆਂ ਹਨ। ਮੇਰੀ ਬੇਟੀ ਦ੍ਰਿਸ਼ਟਾਂਤ ਢਿਲੋਂ ਬੜੀ ਰੀਝ ਨਾਲ ਆਪ ਦੀਆਂ ਪੁਸਤਕਾਂ ਦਾ ਰਸ ਸਵਾਦਨ ਕਰਦੀ ਹੈ ਅਤੇ 'ਵਿਦਵਾਨ ਦਾਦਾ ਜੀ' ਦਾ ਵਿਸ਼ੇਸ਼ਣ ਦੇ ਕੇ

ਸਤਿਕਾਰ ਅਰਪਣ ਕਰਦੀ ਹੈ।

ਨਾਮਧਾਰੀ 'ਸੇਵਕ' ਹਰਪਾਲ ਸਿੰਘ ਜੀ ਨੇ ਆਖਿਆ ਕਿ ਪ੍ਰੋ. ਕਸੇਲ ਜੀ ਦਾ ਇਕ ਹੋਰ ਵਿਲਖਣ ਗੁਣ ਹੈ ਕਿ ਆਪ ਤਰਕਸ਼ੀਲ ਮਾਰਕਸਵਾਦੀ ਵਿਚਾਰਧਾਰਾ ਵਾਲੇ ਹੁੰਦੇ ਹੋਏ ਗੁਰਮਤਿ ਗਾਡੀ ਰਾਹ ਦੇ ਸ਼ਰਧਾਲੂ ਗੁਰਸਿਖ ਵੀ ਹਨ। ਪਾਠਕ ਸੋਚਣਗੇ ਕਿ ਜਿਸ ਦੇ ਮਸਤਕ ਵਿਚ ਮਾਰਕਸ ਸੀ, ਉਸ ਦੇ ਦਿਲ ਵਿਚ ਸਤਿਗੁਰੂ ਰਾਮ ਸਿੰਘ ਭਲਾ ਕਿਵੇਂ ਦਾਖ਼ਲ ਹੋ ਗਿਆ। ਇਹ ਗੱਲ ਸੰਸਕਾਰਾਂ ਦੀ ਹੈ ਅਤੇ ਸੰਸਕਾਰ ਬੜੇ ਪ੍ਰਬਲ ਹੁੰਦੇ ਹਨ। 'ਤਵਾਰੀਖ਼ ਸੰਤ ਖ਼ਾਲਸਾ' ਤਿੰਨ ਭਾਗਾਂ ਵਿਚ ਕਸੇਲ ਜੀ ਨੇ ਕਰੀਬ ਢਾਈ ਹਜ਼ਾਰ ਪੰਨਾ ਲਿਖੇ ਹਨ, ਜਿਨ੍ਹਾਂ ਵਿਚੋਂ ਬਾਰਾਂ ਸੌ ਪੰਨੇ ਭਾਗ ਤੀਸਰਾ ਦੇ ਹੀ ਹਨ। ਇਨਾ ਵੱਡਾ ਕਾਰਜ ਕਸੇਲ ਜੀ ਵਰਗੀ ਸਿਰੜੀ ਸ਼ਖ਼ਸੀਅਤ ਹੀ ਕਰ ਸਕਦੀ ਹੈ। ਕਸੇਲ ਜੀ ਰਚਿਤ ਭਾਗ ਤੀਸਰੇ ਦਾ ਆਧਾਰ ਸਪਤਾਹਿਕ 'ਸਤਿਜੁਗ' ਦੇ ਪਰਚੇ ਹਨ। ਬਾਵਜੂਦ ਬਹੁਤ ਕੋਸ਼ਿਸ਼ ਦੇ 1966 ਈ. ਤੋਂ 1969 ਈ. ਤਕ ਦੇ ਪਰਚੇ ਨਾ ਮਿਲਣ ਕਰਕੇ ਇਨ੍ਹਾਂ ਵਰ੍ਹਿਆਂ ਦੇ ਗੈਪ ਰਹਿ ਗਏ ਹਨ। ਇਸ ਤੋਂ ਅਗੇ 1978 ਤੋਂ 1985 ਤਕ ਦੇ ਵੀ ਪਰਚੇ ਨਹੀਂ ਸਨ ਮਿਲ ਰਹੇ, ਪਰ ਇਹ ਗੈਪ ਕਵੀ ਪ੍ਰੀਤਮ ਸਿੰਘ 'ਕਵੀ' ਰਚਿਤ 'ਬੀਤੇ ਦੀਆਂ ਪੈੜਾਂ' ਵਿਚੋਂ ਪੂਰੇ ਕੀਤੇ ਗਏ। ਮੈਂ ਪ੍ਰੋ. ਕਿਰਪਾਲ ਸਿੰਘ ਜੀ ਕਸੇਲ ਦੀ ਕਠਿਨ ਘਾਲਣਾ ਅਗੇ ਸੀਸ ਝੁਕਾਉਂਦਾ ਹੋਇਆ ਆਪ ਦੀਆਂ 'ਜੈਸਾ ਸਤਿਗੁਰੂ ਸੁਣੀਂਦਾ' ਦੀ ਅੰਤਿਕਾ 'ਸਵਰਣ-ਚਮਤਕਾਰ' ਦੀਆਂ ਆਖ਼ਰੀ ਪੰਗਤੀਆਂ ਪੇਸ਼ ਕਰਦਾ ਹਾਂ :-

ਜੈਸਾ ਸਤਿਗੁਰ ਜਾਣਿਆਂ,
ਸੋਈ ਗੁਰੂ ਸੁਜਾਨ।
ਬਖ਼ਸ਼ੀ ਦਾਤ ਜੋ ਕਲਾ ਦੀ,
ਕਰ ਦਿਤਾ ਬਿਆਨ।
ਗੁਰ ਮਹਿਮਾ ਅਨੰਤ ਹੈ,
ਸਤਿਗੁਰ ਦੀਨ ਦਿਆਲ।
ਚਰਨੀਂ ਮੱਥਾ ਟੇਕਦਾ,
ਦਾਸ ਤੇਰਾ 'ਕ੍ਰਿਪਾਲ'।

ਪ੍ਰੋਫ਼ੈਸਰ ਕਿਰਪਾਲ ਸਿੰਘ ਕਸੇਲ ਨੇ ਆਪਣੀ ਇਸ ਪੁਸਤਕ ਬਾਰੇ ਸੰਖੇਪ ਵਿਚ ਜਾਣਕਾਰੀ ਦਿੰਦਿਆਂ ਆਖਿਆ,'ਤਵਾਰੀਖ਼ ਸੰਤ ਖ਼ਾਲਸਾ' ਦੇ ਵਰਤਮਾਨ ਤੀਜੇ ਭਾਗ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰੂ ਕਾਲ ਦੀ ਮਹਿਮਾ ਦਾ ਬਖਾਨ ਹੈ। ਆਪ ਜੀ ਨੇ ਭਾਵੇਂ ਆਪਣੀ ਬਾਲ ਆਯੂ ਤੋਂ ਲੈ ਕੇ ਗੁਰ ਗੱਦੀ ਪ੍ਰਾਪਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਰਪ੍ਰਸਤੀ ਵਿਚ ਬਹੁਤ ਕੁਝ ਸਿਖਿਆ ਤੇ ਸਾਧਨਾ ਦੇ ਰੂਪ ਵਿਚ ਗ੍ਰਹਿਣ ਕੀਤਾ, ਉਸ ਦੇ ਵੇਰਵੇ ਪਹਿਲਾਂ ਹੀ ਤਵਾਰੀਖ਼ ਸੰਤ ਖ਼ਾਲਸਾ ਦੇ ਦੂਜੇ ਭਾਗ ਵਿਚ ਥਾਂ-ਪੁਰ-ਥਾਂ ਦਿਤੇ ਗਏ ਹਨ। ਕਿਵੇਂ ਇਹ ਦੋਵੇਂ ਬਾਬੇ-ਬਾਬਾ ਜਗਜੀਤ ਸਿੰਘ, ਬੀਰ ਸਿੰਘ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਿਜੀ ਦੇਖ-ਰੇਖ ਹੇਠ ਸਾਧਨਾ ਕਰਨ ਵਿਚ ਪ੍ਰਵਾਨ ਚੜ੍ਹੇ। ਇਨ੍ਹਾਂ ਘਟਨਾਵਾਂ ਅਤੇ ਵਾਰਦਾਤਾਂ ਦਾ ਵਰਣਨ 'ਤਵਾਰੀਖ਼ ਸੰਤ ਖ਼ਾਲਸਾ' ਦੇ ਦੂਜੇ ਤੇ ਤੀਜੇ ਭਾਗ ਵਿਚ ਵੇਰਵੇ ਸਹਿਤ ਲਿਖਿਆ ਗਿਆ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਗੁਰੂ ਕਾਲ ਨਾਮਧਾਰੀ ਇਤਿਹਾਸ ਦਾ ਸੁਵਰਨ-

Namdhari Elibrary NamdhariElibrary@gmail.com

ਯੁਗ ਹੈ। ਆਪ ਜੀ ਦੇ ਗੁਰੂ ਕਾਲ ਵਿਚ ਨਾਮਧਾਰੀ ਸੰਗਤ ਦਾ ਪਾਸਾ ਪੰਜਾਂ ਮਹਾਂਦੀਪਾਂ ਤੇ ਏਸ਼ੀਆ ਮਹਾਂਦੀਪ ਵਿਚ ਫੈਲਿਆ ਹੈ-ਇੰਗਲੈਂਡ, ਜਰਮਨ, ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਥਾਈਲੈਂਡ ਆਦਿ ਦੇਸ਼ਾਂ ਦੇ ਕਈ ਸ਼ਹਿਰ ਅਤੇ ਯੂਰਪ ਦੇ ਕਈ ਦੇਸ਼ਾਂ ਤੇ ਗੁਆਂਢੀ ਦੇਸ਼ ਪਾਕਿਸਤਾਨ ਦੇ ਲਾਹੌਰ, ਸ਼ੇਖ਼ੂਪੁਰਾ ਤੇ ਗੁਜਰਾਂਵਾਲੇ ਦੇ ਅਨੇਕ ਸ਼ਹਿਰਾਂ ਨੂੰ ਆਪ ਦੀ ਚਰਨ-ਛੋਹ ਪ੍ਰਾਪਤ ਹੋਈ ਹੈ। ਕਿਤੇ ਆਪ 'ਵਰਖਾ ਦੇ ਦੇਵਤਾ' ਦੇ ਸਰੂਪ ਵਿਚ ਉਜਾਗਰ ਹੋਏ ਤੇ ਕਿਤੇ ਮਸਤਾਨ-ਗੜ੍ਹ ਵਰਗੇ ਰੇਤਲੇ ਰਕੜਾਂ, ਹਰੇ ਭਰੇ ਬਾਗਾਂ ਦੀ ਧਰਤੀ ਵਿਚ ਬਦਲਣ ਵਾਲੇ ਸਿਰਜਕ ਅਤੇ ਕਿਤੇ ਕਰਨਾਟਕ ਵਿਚ ਨਾਮਧਾਰੀ ਬੀਜ ਫਾਰਮ ਦੁਆਰਾ ਨਵੀਆਂ ਉਪਜਾਊ ਜਿਣਸਾਂ ਦੇ ਜਨਮ -ਦਾਤਾ ਦੇ ਰੂਪ ਵਿਚ ਸਤਿਗੁਰੂ ਜੀ ਦੇ ਸੂਰਜੀ ਪ੍ਰਕਾਸ਼ ਦੀਆਂ ਸੁਨਹਿਰੀ ਕਿਰਨਾਂ ਜਗਮਗਾ ਰਹੀਆਂ ਹਨ। ਇਥੇ ਹੀ ਬਸ ਨਹੀਂ, ਉਹ ਕਿਹੜਾ ਮੰਡਲ ਹੈ, ਜਿਸ ਨੂੰ ਸਤਿਗੁਰੂ ਜੀ ਦੀ ਪਾਵਨ ਛੋਹ ਨੇ ਨਦਰ ਨਿਹਾਲ ਨਹੀਂ ਕੀਤਾ। ਆਪ ਨਾਮਵਰ ਪਸ਼ੂ-ਪਾਲਕ, ਗੋਪਾਲ-ਰਤਨ ਵੀ ਹਨ ਅਤੇ ਭਾਰਤੀ ਮਹਾਂਦੀਪ ਦੇ ਨਾਮੀ ਗਰਾਮੀ ਸੰਗੀਤਕਾਰਾਂ ਦੇ ਸਮਰਾਟ ਹੋ ਕੇ ਆਪਣੀ ਹੀ ਸੰਗੀਤਕ ਟਕਸਾਲ ਸਥਾਪਤ ਕਰਕੇ ਭਾਰਤ ਦੇ ਸੰਗੀਤ ਸਮਰਾਟ ਦਾ ਉਚਾ ਨਿਸ਼ਾਨ ਝੁਲਾ ਰਖਿਆ ਹੈ।

ਸ੍ਰੀ ਸਤਿਗੁਰੂ ਜੀ ਦੀ ਅਗੰਮੀ ਦ੍ਰਿਸ਼ਟੀ ਪੂਰਬਲੇ ਨਾਮਧਾਰੀ ਇਤਿਹਾਸ ਨੂੰ ਸੂਤਰਬਧ ਕਰਕੇ ਨਵੀਨ ਤੇ ਦਰਸ਼ਨੀ ਰੂਪ ਵਿਚ ਪ੍ਰਕਾਸ਼ਿਤ ਕਰਨ ਵਲ ਵੀ ਉਚੇਚਾ ਧਿਆਨ ਦਿਤਾ ਹੈ। ਹੁਣ ਤਕ ਕੂਕਾ ਮਤ ਤੇ ਕੂਕਾ ਲਹਿਰ ਦੇ ਇਤਿਹਾਸ ਨੂੰ ਭਾਰਤ ਦੇ ਇਤਿਹਾਸਕਾਰਾਂ ਅਤੇ ਪੰਜਾਬ ਦੇ ਇਤਿਹਾਸਕ ਲੇਖਕਾਂ ਨੇ ਹਾਸ਼ੀਏ ਉਤੇ ਹੀ ਰਖਣ ਦਾ ਯਤਨ ਕੀਤਾ ਹੈ। ਪੰਜਾਬ ਦੇ ਨਾਮੀ ਗਰਾਮੀ ਇਤਿਹਾਸਕਾਰ, ਇਕੜ ਦੁਕੜ ਇਤਿਹਾਸ ਲੇਖਕਾਂ ਨੂੰ ਛਡ ਕੇ ਹਾਲੇ ਬਹੁਤਿਆਂ ਨੇ ਕੂਕਾ ਮਤ ਅਤੇ ਕੂਕਾ ਲਹਿਰ ਦੀ ਪੂਰੀ ਪੂਰੀ ਪਛਾਣ ਕਰਨ ਵਿਚ ਢਿਲ-ਮਠ ਹੀ ਦਿਖਾਈ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਕੂਕਾ ਲਹਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਰਪ੍ਰਸਤੀ ਵਿਚ ਸਰਬ ਹਿੰਦ ਕਾਂਗਰਸ ਦੇ ਅੰਦੋਲਨ ਦੇ ਨਾਲ ਨਾਲ ਹੀ ਚਲੀ ਆਈ ਹੈ। ਕੇਵਲ ਇਤਨਾ ਹੀ ਨਹੀਂ ਸਗੋਂ ਕੂਕਾ ਮੂਵਮੈਂਟ ਨੇ ਭਾਰਤ ਦੀ ਆਜ਼ਾਦੀ ਲਈ ਚਲਾਈਆਂ ਗਈਆਂ ਲਹਿਰਾਂ ਨਾਲ ਸਹਿਯੋਗ ਵਧਾਇਆ ਹੈ। ਇਸੇ ਸਮੇਂ ਪੰਡਤ ਜਵਾਹਰ ਲਾਲ ਨਹਿਰੂ ਤੇ ਸਤਿਗੁਰੂ ਪ੍ਰਤਾਪ ਸਿੰਘ ਦੀ ਨਿਕਟਤਾ ਆਪ ਆਪਣੀ ਮਿਸਾਲ ਸੀ। ਪੰਜਾਬ ਦੇ ਇਤਿਹਾਸ ਦਾ ਉਹ ਕਿਹੜਾ ਪੜਾਅ ਹੈ, ਜਿਸ ਵਿਚ ਕੂਕਿਆਂ ਨੇ ਸਾਥ ਨਹੀਂ ਦਿਤਾ। 1849 ਤੋਂ ਪਿਛੋਂ ਵਿਦੇਸ਼ੀ ਸਰਕਾਰ ਨੇ ਪੰਜਾਬ ਦੀ ਭਾਸ਼ਾ ਤੇ ਸਭਿਆਚਾਰ ਉਤੇ ਜ਼ਬਰਦਸਤ ਪਰਿਹਾਰ ਕੀਤਾ, ਪਰ ਸਤਿਗੁਰੂ ਰਾਮ ਸਿੰਘ ਜੀ ਦੀ ਦੂਰ-ਦਰਸ਼ਿਤਾ ਨੇ ਪੰਜਾਬੀ ਭਾਸ਼ਾ ਦੇ ਝੰਡੇ ਨੂੰ ਬੁਲੰਦ ਕੀਤਾ ਅਤੇ ਆਪਣੇ ਹਰ ਅਨੁਯਾਈ ਨੂੰ ਗੁਰਮੁਖੀ ਅਖਰ ਬੋਧ ਤੇ ਆਪਣੀ ਭਾਸ਼ਾ ਵਿਚ ਮੁਹਾਰਤ ਹਾਸਲ ਕਰਨ ਦੀ ਤਾਕੀਦ ਕੀਤੀ। ਭਾਰਤ ਦੀਆਂ ਸਨਾਤਨੀ ਪਰੰਪਰਾਵਾਂ ਨੂੰ ਸੰਭਾਲ ਕੇ ਇਸ ਦੇ ਨਾਲ ਵਰਤਮਾਨ ਕਾਲ ਦੀਆਂ ਵਿਕਸਿਤ ਤਕਨੀਕਾਂ ਨੂੰ ਜੋੜ ਕੇ ਨਾਮਧਾਰੀ ਪੰਥ ਆਦਰਸ਼ਕ ਜੀਵਨ ਮਾਰਗ ਦਾ ਰਾਹ-ਦਸੇਰਾ ਬਣ ਗਿਆ ਹੈ। 'ਤਵਾਰੀਖ ਸੰਤ ਖ਼ਾਲਸਾ' ਦੇ ਇਸ ਤੀਜੇ ਭਾਗ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੂਰਦਰਸ਼ਿਤਾ ਤੇ ਪਰਾਕ੍ਰਮ ਸਦਕਾ ਪਾਠਕ ਜਨ ਉਨ੍ਹਾਂ ਵਲੋਂ ਦਰਸ਼ਨ ਕਰ ਸਕਣਗੇ। ਨਾਮਧਾਰੀ ਸਤਿਗੁਰੂ ਦੇ ਸਥਾਨ ਉਤੇ ਸਦਾ

Namdhari Elibrary NamdhariElibrary@gmail.com



ਪ੍ਰੋਫੈਸਰ ਕਿਰਪਾਲ ਸਿੰਘ ਕਸੇਲ ਦੁਆਰਾ ਰਚਿਤ 'ਤਵਾਰੀਖ਼ ਸੰਤ ਖ਼ਾਲਸਾ ਭਾਗ-3' ਦੇ ਪ੍ਰਕਾਸ਼ਮਾਨ ਕਰਦਿਆਂ ਦਾ ਦ੍ਰਿਸ਼, ਜਿਸ ਵਿੱਚ (ਖੱਬਿਓਂ) ਨਾਮਧਾਰੀ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਮਹਾਰਾਜ, ਸੰਤ ਹਰਪਾਲ ਸਿੰਘ 'ਸੇਵਕ', ਨਾਮਧਾਰੀ ਗੁਰਸੇਵਕ ਸਿੰਘ 'ਕਸੇਲ' ਅਤੇ ਤ੍ਰਿਲੋਕ ਸਿੰਘ ਢਿਲੋਂ ਹਨ।

ਨਾਮਧਾਰੀ ਸਤਿਗੁਰੂ ਉਦੈ ਸਿੰਘ ਜੀ ਮਹਾਰਾਜ ਪੁਸਤਕ ਵਿਮੋਚਨ ਉੱਤੇ ਆਪਣੇ ਸ਼ੁੱਭ ਵੀਚਾਰਾਂ ਨਾਲ ਨਿਹਾਲ ਕਰਦੇ ਹੋਏ।

Namdhari Elibrary NamdhariElibrary@gmail.com

ਪ੍ਰੋਫੈਸਰ ਕਿਰਪਾਲ ਸਿੰਘ ਕਸੇਲ ਸੰਤ ਹਰਪਾਲ ਸਿੰਘ ਜੀ 'ਸੇਵਕ' ਵੱਲੋਂ ਸੰਗ੍ਰਹਿ ਕੀਤੀ ਗਈ ਪ੍ਰਵਚਨਾਂ ਦੀ ਪੁਸਤਕ ਉੱਤੇ ਵੀਚਾਰ ਅਭਿਵਿਅਕਤ ਕਰਦਿਆਂ ਹੋਇਆਂ। ਤਸਵੀਰ ਵਿੱਚ ਕਾਮਰੇਡ ਸੁਵਰਨ ਸਿੰਘ ਵਿਰਕ ਅਤੇ ਸੰਤ ਹਰਪਾਲ ਸਿੰਘ 'ਸੇਵਕ' ਮੌਜੂਦ ਸਨ।

Namdhari Library NamdhariElibrary@gmail.com

ਪੁਸਤਕ ਲੋਕ ਅਰਪਣ ਉਪਰੰਤ ਨਾਮਧਾਰੀ ਸਤਿਗੁਰੂ ਉਦੈ ਸਿੰਘ ਜੀ ਮਹਾਰਾਜ ਲੇਖਕਾਂ ਤੇ ਸਾਹਿਤਕਾਰਾਂ ਨਾਲ ਇਕ ਯਾਦਗਾਰੀ ਤਸਵੀਰ ਵਿਚ ਸ਼ਾਮਲ ਹੁੰਦੇ ਹੋਏ, ਜਿਨ੍ਹਾਂ ਦੇ ਇਰਧ-ਗਿਰਧ ਨਾਮਧਾਰੀ ਸੰਗਤ ਤੋਂ ਇਲਾਵਾ (ਖਬਿਓਂ) ਗੁਰਭਜਨ ਗਿੱਲ, ਜਸਵੀਰ ਸਿੰਘ ਝਜ, ਡਾ. ਦਰਸ਼ਨ ਸਿੰਘ ਆਸ਼ਟ, ਸਰਦਾਰ ਪੰਛੀ, ਹਰਬੰਸ ਮਾਲਵਾ, ਸੁਵਰਨ ਸਿੰਘ ਵਿਰਕ (ਬੈਠੇ) ਤ੍ਰਿਲੋਕ ਸਿੰਘ ਢਿਲੋਂ ਅਤੇ ਮਿੰਨੀ ਕਹਾਣੀਕਾਰ ਦੇਵਿੰਦਰ ਪਟਿਆਲਵੀ ਸੁਸ਼ੋਭਿਤ ਹਨ।

Namdhari Elibrary NamdhariElibrary@gmail.com

ਪੁਸਤਕ ਪ੍ਰਕਾਸ਼ਮਾਨ ਸਮੇਂ ਨਾਮਧਾਰੀ ਦਰਬਾਰ ਦੇ ਹਜ਼ੂਰੀ ਰਾਗੀ ਸ੍ਰੀ ਹਰਬੰਸ ਸਿੰਘ ਜੀ 'ਘੁੱਲਾ' ਆਪਣੇ ਸਾਥੀਆਂ ਸੰਗ ਸ਼ਬਦ 'ਧਨੁ ਲੇਖਾਰੀ ਨਾਨਕਾ' ਦਾ ਸੁਰੀਲੀ ਆਵਾਜ਼ ਵਿੱਚ ਗਾਇਨ ਕਰਦੇ ਹੋਏ।

Namdhari Elibrary NamdhariElibrary@gmail.com

ਵਿਦਵਾਨ ਬੋਲਦਿਆਂ ਹੋਇਆਂ

ਪ੍ਰੋ. ਕੁਲਵੰਤ ਸਿੰਘ ਗਰੇਵਾਲ

ਨਾਟਕਕਾਰ ਸ. ਸਤਿੰਦਰ ਸਿੰਘ ਨੰਦਾ

ਕਾਮਰੇਡ ਸੁਵਰਨ ਸਿੰਘ ਵਿਰਕ

ਪ੍ਰੋ. ਗੁਰਭਜਨ ਸਿੰਘ ਗਿੱਲ

ਡਾ. ਗੁਲਜ਼ਾਰ ਪੰਧੇਰ

ਸਰਦਾਰ ਪੰਛੀ

ਸੰਤ ਹਰਪਾਲ ਸਿੰਘ 'ਸੇਵਕ'

ਤ੍ਰਿਲੋਕ ਸਿੰਘ ਢਿਲੋਂ

ਪ੍ਰਿੰ. ਕਰਤਾਰ ਸਿੰਘ ਕਾਲੜਾ

ਡਾ. ਦਰਸ਼ਨ ਸਿੰਘ ਆਸ਼ਟ

ਨਾਮਧਾਰੀ ਗੁਰਸੇਵਕ ਸਿੰਘ 'ਕਸੇਲ'

Namdhari Elibrary NamdhariElibrary@gmail.com

ਸ਼੍ਰੀ ਭੈਣੀ ਸਾਹਿਬ ਸਮਾਗਮ ਸੰਪੰਨ ਹੋਣ ਉਪਰੰਤ ਨੀਲੋਂ ਪੁੱਲ ਉੱਤੇ ਪਹੁੰਚ ਕੇ ਵੀਚਾਰ ਵਟਾਂਦਰਾ ਕਰਨ ਬਾਅਦ ਸਮੂਹਕ ਫ਼ੋਟੋ ਖਿਚਵਾਉਂਦੇ ਹੋਏ।
(ਖਬਿਓਂ) ਪਰਮਿੰਦਰ ਕੌਰ ਢਿਲੋਂ, ਸ. ਤ੍ਰਿਲੋਕ ਸਿੰਘ ਢਿਲੋਂ, ਡਾ. ਗੁਲਜ਼ਾਰ ਸਿੰਘ ਪੰਧੇਰ, ਕੁਲਵਿੰਦਰ ਕਿਰਨ,
ਗੁਰਭਜਨ ਗਿੱਲ, ਸੁਰਿੰਦਰ ਕੌਰ, ਸੁਰਿੰਦਰ ਕੈਲੇ ਅਤੇ ਦ੍ਰਿਸ਼ਟਾਂਤ ਕੌਰ ਢਿਲੋਂ ਪ੍ਰੋਫੈਸਰ ਕਸੇਲ ਸੰਗ ਹਾਜ਼ਰ ਹਨ।

Namdhari Elibrary NamdhariElibrary@gmail.com



ਪ੍ਰੋਫੈਸਰ ਕਿਰਪਾਲ ਸਿੰਘ ਕਸੇਲ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ
ਡੀ-ਲਿਟ ਦੀ ਉਪਾਧੀ ਮਿਲਣ ਸਮੇਂ ਦੀ ਤਸਵੀਰ।

Namdhari Elibrary NamdhariElibrary@gmail.com

ਅਮਨ ਸ਼ਾਂਤੀ ਦਾ ਉਹ ਸਫ਼ੈਦ ਪਰਚਮ ਲਹਿਰਾ ਰਿਹਾ ਹੈ, ਜੋ ਕੌਮਾਂ ਤੇ ਦੇਸ਼ਾਂ ਦੀਆਂ ਹੱਦਾਂ ਤੋਂ ਪਾਰ ਮਨੁੱਖੀ ਏਕਤਾ ਦੇ ਸੂਤਰ ਦੀ ਸੋਝੀ ਕਰਵਾਉਣ ਵਾਲਾ ਅਤੇ ਜੰਗ-ਰਹਿਤ ਸੰਸਾਰ-ਅਮਨ ਦਾ ਰਾਹ-ਰੌਸ਼ਨ ਕਰਨ ਵਾਲਾ ਹੈ।

ਸਤਿਗੁਰੂ ਜਗਜੀਤ ਸਿੰਘ ਦੇ ਗੁਰੂ ਚਰਨਾਂ ਵਿਚ ਨਿਵਾਸ ਕਰਨ ਵੇਲੇ ਦਾ ਚਿਤਰ ਬੜਾ ਪ੍ਰਭਾਵ ਪਾਉਂਦਾ ਹੈ ਅਤੇ ਪੁਸਤਕ ਦੇ ਪੰਨਾ 1342 ਉਤੇ ਅੰਕਿਤ ਕੀਤਾ ਹੈ ਕਿ ਠੀਕ 4 ਵਜੇ ਸਤਿਗੁਰੂ ਜੀ ਦੇ ਦੋਹਤੇ ਕਾਕਾ ਜੈ ਸਿੰਘ ਤੇ ਭਤੀਜੇ ਉਦੈ ਸਿੰਘ ਨੇ ਚਿਖ਼ਾ ਨੂੰ ਅਗਨੀ ਲਗਾਈ। ਇਸ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰੂ ਕਾਲ ਦੇ ਮਹਾਨ ਇਤਿਹਾਸ ਦਾ ਇਕ ਯੁਗ ਸਮਾਪਤ ਹੋ ਗਿਆ। ਆਪ ਦੇ ਅੰਤਿਮ ਸੰਸਕਾਰ ਤੋਂ ਪਿਛੋਂ ਪੂਜ ਮਾਤਾ ਚੰਦ ਕੌਰ ਜੀ ਨੇ ਇਹ ਐਲਾਨ ਕਰਵਾਇਆ ਕਿ ਅਗੇ ਤੋਂ ਸ੍ਰੀ ਉਦੇ ਸਿੰਘ ਜੀ ਹੀ ਨਾਮਧਾਰੀ ਪੰਥ ਦੀ ਸੇਵਾ ਸੰਭਾਲ ਕਰਨਗੇ। ਇਸ ਕਥਨ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਜ਼ਾ ਵੀ ਸ਼ਾਮਲ ਸੀ। ਆਪ ਜੀ ਨੇ ਪਿਛਲੇ ਕਈ ਸਾਲਾਂ ਤੋਂ ਸ੍ਰੀ ਉਦੇ ਸਿੰਘ ਜੀ ਨੂੰ ਆਪਣੀ ਸਰਪ੍ਰਸਤੀ ਵਿਚ ਰਖਿਆ ਹੋਇਆ ਸੀ ਅਤੇ ਉਨ੍ਹਾਂ ਨੂੰ ਪੰਥਕ ਮਰਯਾਦਾ ਅਤੇ ਗੁਰੂ ਰੀਤੀ ਬਾਰੇ ਸੁਸਿਖਿਅਤ ਕਰਦੇ ਰਹੇ ਸਨ। ਸਤਿਗੁਰੂ ਜੀ ਉਦੈ ਸਿੰਘ ਜੀ ਦੀ ਕਾਰਗੁਜ਼ਾਰੀ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਸਨ। ਹਜ਼ੂਰੀ ਸੇਵਕਾਂ ਵਲੋਂ ਸ੍ਰੀ ਉਦੈ ਸਿੰਘ ਮਹਾਰਾਜ ਨੂੰ ਦਸਤਾਰ ਭੇਟ ਕੀਤੀ ਗਈ। ਇਸ ਸਮੇਂ ਮੰਚ ਉਤੇ ਪੂਜ ਮਾਤਾ ਚੰਦ ਕੌਰ ਜੀ, ਸੰਤ ਜਗਤਾਰ ਸਿੰਘ, ਬੀਬਾ ਸਾਹਿਬ ਕੌਰ ਜੀ, ਕਾਕਾ ਜੈ ਸਿੰਘ ਤੇ ਗੁਰੂ ਪਰਿਵਾਰ ਦੇ ਮੈਂਬਰ ਸੁਭਾਇਮਾਨ ਸਨ ਅਤੇ ਮਹਾਰਾਜ ਉਦੈ ਸਿੰਘ ਨੇ ਇਹ ਭੇਟ ਪ੍ਰਵਾਨ ਕਰਕੇ ਪੂਜ ਮਾਤਾ ਚੰਦ ਕੌਰ ਜੀ ਨੂੰ ਨਮਸਕਾਰ ਕੀਤਾ ਅਤੇ ਆਪਣੀ ਸਿਰ ਉਤੇ ਬੱਧੀ ਹੋਈ ਦਸਤਾਰ ਨੂੰ ਇਕ ਇਕ ਪੇਚ ਕਰਕੇ ਉਤਾਰਿਆ ਤੇ ਨਵੀਂ ਭੇਟ ਕੀਤੀ ਹੋਈ ਦਸਤਾਰ ਸਜਾ ਲਈ। 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਪੰਡਾਲ ਗੂੰਜ ਉਠਿਆ।

ਪੰਡਾਲ ਵਿਚ ਬਿਰਾਜਮਾਨ ਸਾਧ ਸੰਗਤ ਨੂੰ ਜਿਥੇ ਵਿਦਵਾਨਾਂ ਵਲੋਂ ਪ੍ਰੋ. ਕਸੇਲ ਬਾਰੇ ਭਰਪੂਰ ਜਾਣਕਾਰੀ ਦਿਤੀ ਗਈ, ਉਥੇ ਨਾਟਕਕਾਰ ਸ. ਸਤਿੰਦਰ ਸਿੰਘ ਨੰਦਾ ਨੇ ਵੀ ਹਾਜ਼ਰੀ ਲਗਵਾਉਂਦਿਆਂ ਆਖਿਆ ਕਿ ਪ੍ਰੋਫੈਸਰ ਕਿਰਪਾਲ ਸਿੰਘ ਕਸੇਲ ਦੀ ਸਾਹਿਤਕ, ਆਲੋਚਨਾਤਮਕ ਤੇ ਅਨੁਵਾਦਿਤ ਪੁਸਤਕਾਂ ਦਾ ਸਾਰਾ ਪੰਜਾਬੀ ਜਗਤ ਵਾਕਫ਼ ਹੈ ਅਤੇ ਇਨ੍ਹਾਂ ਤੋਂ ਹੀ ਸੇਧ ਹਾਸਲ ਕਰਕੇ ਕਈ ਵਿਦਿਆਰਥੀ, ਸਿਖਿਆਰਥੀ ਤੇ ਖੋਜਾਰਥੀ ਲਾਹਾ ਉਠਾਉਂਦੇ ਆ ਰਹੇ ਹਨ। ਆਪ ਦਾ ਇੱਕ ਕਾਵਿ ਟੋਟਾ ਸਭਨਾਂ ਦਾ ਧਿਆਨ ਖਿਚਦਾ ਹੈ :-

ਵੇਖਣ ਨੂੰ ਮੈਂ ਅੰਧਲਾ ਜਾਪਾਂ, ਘੋਖਣ ਨੂੰ ਮੈਂ ਚਾਨਣ,
ਦੁਨੀਆਂ ਵਾਲੇ ਖ਼ਬਰੈ ਇਸ ਨੂੰ ਜਾਨਣ ਕਿ ਨਾ ਜਾਨਣ
ਅੰਧਕਾਰ ਵਿਚ ਤੇਰਾ ਆਸਰਾ ਹੇ ਮਾਤ ਜਗਦੰਬੇ,
ਤਵ-ਪ੍ਰਸਾਦਿ ਇਹ ਦੁਨੀਆਂ ਵਾਲੇ ਸ਼ਾਇਦ ਕਦੇ ਪਛਾਣਨਿ।

ਭਾਰਤ ਦੀ ਪਵਿੱਤਰ ਧਰਤੀ ਉੱਤੇ ਫਰੰਗੀਆਂ ਦੇ ਰਾਜ ਦਾ ਸੂਰਜ ਭਰ ਜੋਬਨ ਉੱਤੇ ਦਮਕਾਂ ਮਾਰ ਰਿਹਾ ਸੀ ਅਤੇ ਉਨ੍ਹਾਂ ਵੱਲੋਂ ਕੀਤੀਆਂ ਜਾਂਦੀਆਂ ਜ਼ਿਆਦਤੀਆਂ ਦਾ ਜ਼ਿਕਰ ਸਭਨਾਂ ਦੇ ਹਿਰਦੇ ਚਾਕ ਕਰਦਾ ਰਹਿੰਦਾ ਸੀ। ਅਪ੍ਰੈਲ, 1919 ਦੀ ਸ਼ੁੱਭ ਵਿਸਾਖੀ ਉੱਤੇ ਉਨ੍ਹਾਂ ਵੱਲੋਂ ਢਾਹਿਆ ਗਿਆ ਜ਼ੁਲਮ ਤਾਂ ਸਾਰੀਆਂ ਹੱਦਾਂ ਬੰਨੇ ਤੋੜ ਗਿਆ। ਲਹਿਰਾਂ ਨੇ ਵਿਰੋਧ ਵੀ

Namdhari Elibrary NamdhariElibrary@gmail.com

ਜਤਾਇਆ, ਪਰੰਤੂ ਡਾਢਿਆਂ ਦੇ ਸਤੀ ਵੀਹੀਂ ਸੌ ਸਮਾਨ ਅੱਗੇ ਕਿਸੇ ਦੀ ਵੀ ਕੋਈ ਪੇਸ਼ ਨਾ ਚਲ ਸਕੀ। ਜਿਸ ਦਾ ਹੀ ਨਤੀਜਾ ਸੀ ਕਿ 1920 ਵਿਚ ਗੁਰਦੁਆਰਾ ਲਹਿਰ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਹੋਇਆ ਅਤੇ ਬਾਅਦ ਵਿੱਚ 1925 ਵਿੱਚ ਅਕਾਲੀ ਦਲ ਹੋਂਦ ਵਿੱਚ ਆਇਆ। ਕੂਕਾ ਮੂਵਮੈਂਟ ਵੀ ਇਸ ਸਮੇਂ ਪੂਰੇ ਜੋਬਨ ਉੱਤੇ ਵਿਚਰਦਿਆਂ ਡਟ ਕੇ ਅੰਗਰੇਜ਼ਾਂ ਦੀਆਂ ਕਾਰਸਤਾਨੀਆਂ ਦਾ ਬਖਿਆਨ ਕਰਕੇ ਕੁਰਬਾਨੀਆਂ ਦੇਣ ਉੱਤੇ ਵੀ ਉਤਾਰੂ ਹੁੰਦੀ ਰਹੀ। ਗ਼ਦਰ ਲਹਿਰ ਨੇ ਵੀ ਪੂਰੀ ਤਨਦੇਹੀ ਨਾਲ ਆਪਣਾ ਯੋਗਦਾਨ ਦੇ ਕੇ ਅੰਗਰੇਜ਼ੀ ਰਾਜ ਦੇ ਖ਼ਾਤਮੇ ਲਈ ਕਾਰਜ ਕੀਤੇ। ਇਨ੍ਹਾਂ ਸਾਰਿਆਂ ਦੀ ਹੀ ਦੇਣ ਕਾਰਨ ਬਾਅਦ ਵਿੱਚ ਅਗਸਤ, 1947 ਨੂੰ ਆਜ਼ਾਦ ਫ਼ਿਜ਼ਾ ਮਿਲੀ।

ਇਸ ਪਿਛੋਕੜ ਦਾ ਜ਼ਿਕਰ ਕਰਨ ਦਾ ਮਤਲਬ ਸਿਰਫ਼ ਤੇ ਸਿਰਫ਼ ਇਤਨਾ ਹੈ ਕਿ ਜਿਸ ਵਿਅਕਤੀ ਵਿਸ਼ੇਸ਼ ਬਾਰੇ ਗੱਲ ਕੀਤੀ ਜਾਣੀ ਹੈ, ਉਸ ਦੇ ਜਨਮ ਲੈਣ ਸਮੇਂ ਕਿਸ ਕਿਸ ਤਰ੍ਹਾਂ ਦੀਆਂ ਜੁਗਗਰਦੀਆਂ ਦਾ ਵਾਤਾਵਰਣ ਵਿਆਪਤ ਸੀ। ਜੀ ਹਾਂ, ਅੰਮ੍ਰਿਤਸਰ ਦੇ ਛੇਹਰਟਾ ਤੋਂ ਕੁਝ ਮੀਲਾਂ ਦੀ ਦੂਰੀ ਉੱਤੇ ਬੀੜ ਬਾਬਾ ਬੁੱਢਾ ਸਾਹਿਬ ਦੇ ਨੇੜੇ ਇੱਕ ਵੱਡਾ ਪਿੰਡ 'ਕਸੇਲ' ਹੈ, ਜਿਸ ਵਿੱਚੋਂ ਬਹੁਤ ਸਾਰੇ ਗ਼ਦਰੀ ਅਤੇ ਸੁਤੰਤਰਤਾ ਸੈਨਾਨੀ ਸਮਾਜ ਦੀ ਅਗਵਾਈ ਕਰਨ ਹਿੱਤ ਪ੍ਰਾਪਤ ਹੋਏ ਅਤੇ ਇਸੇ ਪਿੰਡ ਵਿੱਚੋਂ ਹੀ ਪ੍ਰੋਫੈਸਰ ਕਿਰਪਾਲ ਸਿੰਘ ਕਸੇਲ 19 ਮਾਰਚ, 1928 ਨੂੰ ਸ. ਗੰਗਾ ਸਿੰਘ ਤੇ ਸ੍ਰੀਮਤੀ ਮਹਿੰਦਰ ਕੌਰ ਦੇ ਗ੍ਰਹਿ ਵਿਖੇ ਜਨਮੇ। ਦੁੱਖ ਤੇ ਅਫ਼ਸੋਸ ਦੀ ਗੱਲ ਹੈ ਕਿ ਆਪ ਦੇ ਜਨਮ ਦੇ ਕੁੱਝ ਦਿਨਾਂ ਬਾਅਦ ਹੀ ਆਪ ਦੇ ਪਿਤਾ ਅਕਾਲ ਚਲਾਣਾ ਕਰ ਗਏ ਅਤੇ ਆਪ ਦੇ ਪਾਲਣ ਪੋਸਣ ਹਿੱਤ ਮਾਤਾ ਹੀ ਬਾਕੀ ਰਹਿ ਗਈ ਸੀ, ਜੋ ਗ਼ਮ ਤੇ ਦੁੱਖ ਦੇ ਸਮੁੰਦਰਾਂ ਵਿੱਚ ਗੋਤੇ ਖਾਂਦੀ ਹੋਈ ਆਪਣੇ ਪਰਿਵਾਰ ਦੀ ਡਿਕੋਡੋਲੇ ਖਾਂਦੀ ਕਿਸ਼ਤੀ ਨੂੰ ਪਾਰ ਉਤਾਰਨ ਲਈ ਸਮਾਜ ਵਿੱਚ ਡਟ ਗਈ।

ਸ਼ਹੀਦਾਂ, ਦੇਸ਼ਭਗਤਾਂ ਤੇ ਗ਼ਦਰੀਆਂ ਦਾ ਪਿੰਡ ਕਸੇਲ ਹੋਣ ਕਰਕੇ ਚੁਫ਼ੇਰ ਇਨ੍ਹਾਂ ਦੀਆਂ ਹੀ ਕਾਰਗੁਜ਼ਾਰੀਆਂ ਦਾ ਜ਼ਿਕਰ ਹੁੰਦਾ ਰਹਿਣ ਕਰਕੇ ਆਪ ਦੇ ਹੀ ਤਾਇਆ ਬਾਬਾ ਹਰਨਾਮ ਸਿੰਘ ਕਸੇਲ ਪਰਿਵਾਰ ਦੀ ਕਿਸ਼ਤੀ ਨੂੰ ਠੇਹਚਲਣ ਵਾਸਤੇ ਅੱਗੇ ਆਏ ਅਤੇ ਬਾਲ ਕਿਰਪਾਲ ਸਿੰਘ ਨੂੰ ਆਪਣੀ ਦੇਖ ਰੇਖ ਵਿੱਚ ਪਾਲਣ-ਪੋਸ਼ਣ ਲੱਗੇ। ਤਾਇਆ ਜੀ ਦੀ ਹੀ ਬਦੌਲਤ ਮਾਤਾ ਜੀ ਨੇ ਆਪ ਦੀ ਪੜ੍ਹਾਈ ਆਦਿ ਦਾ ਸੁਯੋਗ ਪ੍ਰਬੰਧ ਕੀਤਾ ਅਤੇ ਤੀਖਣ ਬੁੱਧੀ ਦਾ ਸਬੂਤ ਦਿੰਦਿਆਂ ਆਪ ਨੇ ਪੜ੍ਹਾਈ ਨੂੰ ਹੀ ਆਪਣਾ ਸਭ ਕੁਝ ਸਮਰਪਣ ਕਰ ਦਿੱਤਾ, ਜਿਸ ਦਾ ਹੀ ਨਤੀਜਾ ਹੈ ਕਿ ਆਪ ਨੇ ਉਸ ਵੇਲੇ ਦੀ ਪੜ੍ਹਾਈ ਨੂੰ ਅਵਲ ਰਹਿ ਕੇ ਪੂਰਿਆਂ ਕੀਤਾ ਅਤੇ ਸੰਸਥਾਵਾਂ ਦੇ ਨਾਲ ਹੀ ਪਿੰਡ ਦੇ ਨਾਂ ਨੂੰ ਵੀ ਰੌਸ਼ਨ ਕੀਤਾ। ਆਪ ਨੂੰ ਗੁੜ੍ਹਤੀ ਵਿੱਚ ਗ਼ਦਰੀ ਬਾਬਿਆਂ ਦੀ ਸੋਚ ਮਿਲੀ, ਜਿਸ ਕਰਕੇ ਆਪ ਮਾਨਵਵਾਦੀ ਕਦਰਾਂ-ਕੀਮਤਾਂ ਦੇ ਧਾਰਨੀ ਹੋ ਗਏ ਅਤੇ ਮਾਰਕਸਵਾਦੀ ਸੋਚ ਉੱਤੇ ਪੱਕੇ ਪੀਢੇ ਤੌਰ 'ਤੇ ਪਹਿਰਾ ਦੇਣ ਲੱਗ ਪਏ, ਜਿਸ ਕਰਕੇ ਆਪ ਸਰਕਾਰ ਦੀਆਂ ਅੱਖਾਂ ਵਿੱਚ ਕੰਡੇ ਦੀ ਨਿਆਈਂ ਚੁਭਣ ਲੱਗ ਪਏ ਅਤੇ ਆਪ ਨੂੰ ਕਾਲਜ ਦੀ ਹਦੂਦਬੰਦੀ ਤੋਂ ਇਲਾਵਾ ਜੇਲ੍ਹ ਯਾਤਰਾ ਵੀ ਕਰਨੀ ਪਈ ਉਸ ਯਾਤਰਾ ਦੌਰਾਨ ਹੀ ਆਪ ਨੇ ਆਪਣੀ ਪੜ੍ਹਾਈ ਵੀ ਜਾਰੀ ਰੱਖੀ ਤੇ ਹੱਥਕੜੀਆਂ ਲੱਗੀਆਂ ਹੋਣ ਸਮੇਤ ਪ੍ਰੀਖਿਆ ਹਾਲ ਵਿੱਚ ਬੈਠਣ ਲਈ ਮਜ਼ਬੂਰ ਕੀਤਾ ਜਾਂਦਾ ਰਿਹਾ। ਉਦੋਂ ਤੋਂ ਲੈ ਕੇ ਆਜ਼ਾਦੀ ਪ੍ਰਾਪਤੀ ਬਾਅਦ ਹਾਲੇ ਤੱਕ ਸੀ.ਆਈ.ਡੀ. ਵਾਲੇ ਦਰਿਆਫ਼ਤ ਕਰਨ ਲਈ ਆਉਂਦੇ ਰਹਿੰਦੇ ਹਨ ਕਿ ਆਪ ਦੀਆਂ ਗਤੀਵਿਧੀਆਂ ਕੀ ਹਨ; ਜਦਕਿ ਸੋਚ ਦੇ ਵਖਰੇਵਿਆਂ

Namdhari Elibrary NamdhariElibrary@gmail.com

ਕਰਕੇ ਆਪ ਨੇ ਮਾਰਕਸਵਾਦ ਦਾ ਸਾਥ ਚਿਰੋਕਣਾ ਛਡਿਆ ਹੋਇਆ ਹੈ। ਹਾਂ, ਆਪ ਦੀ ਮਾਰਕਸਵਾਦੀ ਸੋਚ ਹਾਲੇ ਤੱਕ ਉਵੇਂ ਦੀ ਉਵੇਂ ਬਰਕਰਾਰ ਹੈ।

ਆਜ਼ਾਦੀ ਤੋਂ ਪਹਿਲਾਂ ਪੰਜਾਬੀ ਦੀ ਥਾਂ ਜ਼ਿਆਦਾਤਰ ਉਰਦੂ ਦਾ ਹੀ ਬੋਲਬਾਲਾ ਸੀ ਅਤੇ ਪੰਜਾਬੀ ਵਿੱਚ ਬਹੁਤ ਘੱਟ ਤਵਜੋਂ ਦਿੱਤੀ ਜਾਂਦੀ ਰਹੀ। ਜਦੋਂ ਸਵਤੰਤਰਤਾ ਉਪਰੰਤ ਪੰਜਾਬੀ ਦੀ ਉੱਚਤਮ ਸਿੱਖਿਆ ਦੀ ਗੱਲ ਤੁਰੀ ਤਾਂ ਆਪ ਨੇ ਉਸ ਵਿੱਚ ਭਾਗ ਹੀ ਨਹੀਂ ਲਿਆ, ਸਗੋਂ ਯੂਨੀਵਰਸਿਟੀ ਦੇ ਪਹਿਲੇ ਫਸਟ ਕਲਾਸ ਵਿੱਚ ਪਾਸ ਹੋਣ ਵਾਲੇ ਵਿਦਿਆਰਥੀ ਘੋਸ਼ਿਤ ਕੀਤੇ ਗਏ। ਸਮਰਪਣ ਭਾਵਨਾ ਨਾਲ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਹੀ ਬਦੌਲਤ ਆਪ ਨੂੰ ਪੁਸਤਕਾਂ ਲਿਖਣ ਤੇ ਆਲੋਚਨਾ ਦੇ ਖੇਤਰ ਵਿੱਚ ਕੰਮ ਕਰਨ ਦਾ ਸੁਅਵਸਰ ਪ੍ਰਾਪਤ ਹੋਇਆ, ਜਿਸ ਲਈ ਆਪ ਨੂੰ ਪ੍ਰਿੰ. ਸੰਤ ਸਿੰਘ ਸੇਖੋਂ ਤੋਂ ਢੁਕਵੀਂ ਪ੍ਰੇਰਨਾ ਪ੍ਰਾਪਤ ਹੋਈ; ਜਦਕਿ ਆਪ ਨੂੰ ਡਾ. ਦੀਵਾਨ ਸਿੰਘ, ਡਾ. ਮੋਹਨ ਸਿੰਘ ਦੀਵਾਨਾ ਆਦਿ ਦੀ ਵੀ ਸਰਪ੍ਰਸਤੀ ਹਾਸਲ ਹੁੰਦੀ ਰਹੀ।

ਨਾਮਧਾਰੀ ਦਰਬਾਰ ਨਾਲ ਆਪ ਸਤਿਗੁਰੂ ਜਗਜੀਤ ਸਿੰਘ ਜੀ ਦੇ ਗਦੀ ਨਸ਼ੀਨੀ (10 ਸਤੰਬਰ, 1959) ਤੋਂ ਹੀ ਜੁੜੇ ਹੋਏ ਹਨ। ਇਥੋਂ ਆਪ ਨੂੰ ਜਿਥੇ ਪ੍ਰਾਭੌਤਿਕ ਬਖਸ਼ਿਸ਼ਾਂ ਪ੍ਰਾਪਤ ਹੋਈਆਂ, ਉਥੇ ਲਿਖਣ ਪੜ੍ਹਨ ਤੇ ਹੋਰ ਜ਼ਰੂਰਤਾਂ ਦੀ ਪੂਰਤੀ ਵੀ ਹੋਣ ਲੱਗ ਪਈ। ਆਪ ਦੇ ਨੇਤਰਹੀਣ ਹੋ ਜਾਣ ਉਪਰੰਤ ਕੁਦਰਤੀ ਇਲਾਜ ਵਾਸਤੇ ਇਸੇ ਦਰਬਾਰ ਨੇ ਬਾਂਹ ਪਕੜੀ, ਪਰੰਤੂ ਡਾਕਟਰੀ ਰਾਵਾਂ ਮੁਤਾਬਕ ਅਜਿਹਾ ਮਾਰੂ ਤੇ ਭਿਆਨਕ ਰੋਗ ਹਾਵੀ ਹੋ ਚੁੱਕਾ ਸੀ ਕਿ ਅੱਖਾਂ ਦੀ ਰੌਸ਼ਨੀ ਪਰਤ ਹੀ ਨਾ ਸਕੀ। ਸੀ.ਐਮ.ਸੀ. ਵਾਲਿਆਂ ਨੇ ਵੀ ਪੂਰੀ ਵਾਹ ਲਗਾ ਲਈ, ਪਰੰਤੂ ਜੋਤ ਹਾਸਲ ਨਹੀਂ ਹੋ ਸਕੀ, ਪਰੰਤੂ ਹਾਂ ਕਿ ਹਸਪਤਾਲ ਦੇ ਵਾਰਡ ਨੰਬਰ ਦਸ ਵਿਚ ਜ਼ੇਰ-ਏ-ਇਲਾਜ ਰਹਿੰਦਿਆਂ ਇੱਕ ਵਡ-ਆਕਾਰੀ ਨਾਵਲ ਜ਼ਰੂਰ ਰਚਿਆ ਗਿਆ, ਜੋ ਉਸ ਵੇਲੇ ਦੇ ਰਾਜਨੀਤਿਕ ਮਾਹੌਲ ਨੂੰ ਬੜੇ ਹੀ ਸੌਖੇ ਰਚਨਾਤਮਕ ਤੇ ਨਵੀਆਂ ਦਿਸ਼ਾਵਾਂ ਪ੍ਰਦਾਨ ਕਰਦਾ ਸਾਬਤ ਹੋਇਆ।

ਪ੍ਰੋਫੈਸਰ ਕਿਰਪਾਲ ਸਿੰਘ ਦੀ ਵਿਦਵਤਾ ਭਰਪੂਰ ਲੇਖਣੀ ਜੋ 1955-56 ਤੋਂ ਸ਼ੁਰੂ ਹੋਈ ਸੀ, ਨੂੰ ਅਜਿਹਾ ਬੂਰ ਪੈਂਦਾ ਰਿਹਾ ਕਿ ਹਸਪਤਾਲ ਵਿਖੇ ਠਹਿਰਾਓ ਤਕ ਦੋ ਦਰਜਨ ਪੁਸਤਕਾਂ ਹੋਂਦ ਵਿਚ ਆ ਚੁੱਕੀਆਂ ਸਨ, ਜਿਸ ਨੂੰ ਬਾਅਦ ਵਿੱਚ ਨਾਮਧਾਰੀ ਸਤਿਗੁਰੂ ਦੀ ਬਖਸ਼ਿਸ਼ ਸਦਕਾ ਏਨਾ ਫਲ ਪਿਆ ਕਿ ਹੁਣ ਤਕ ਰਚੇ ਗਏ ਸਾਹਿਤ ਦੀ ਜੇ ਫਹਿਰਿਸ਼ਤ ਤਿਆਰ ਕੀਤੀ ਜਾਵੇ ਤਾਂ ਦੋ ਸੈਂਕੜਿਆਂ ਤਕ ਗਿਣਤੀ ਜਾ ਪਹੁੰਚਦੀ ਹੈ, ਜਿਸ ਨੂੰ ਇਕ ਰਬੀ ਵਰਤਾਰਾ ਤੇ ਰਹਿਮਤ ਦੀ ਪੁਸ਼ਪ ਵਰਖਾ ਹੀ ਆਖਿਆ ਜਾ ਸਕਦਾ ਹੈ, ਕਿਉਂਕਿ ਇਕ ਨਾਬੀਨਾ ਵਿਅਕਤੀ ਪੜ੍ਹਾਉਣ ਦੀ ਕਵਾਇਦ ਦੇ ਨਾਲ ਨਾਲ ਪੁਸਤਕਾਂ ਵੀ ਰਚਣ ਵੱਲ ਅਗਰਸਰ ਰਿਹਾ ਹੈ। ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਦੁਆਰਾ ਇਕ ਵਾਕ ਲਿਖਿਆ ਸੀ, "ਜੋ ਲਿਖੋਗੇ, ਠੀਕ ਹੋਵਗਾ", ਨੂੰ ਸ਼ੀਸ਼ੇ ਵਿੱਚ ਮੜ੍ਹਾ ਕੇ ਆਪਣੇ ਕਰਮ ਖੇਤਰ ਵਜੋਂ ਜਾਣੇ ਜਾਂਦੇ ਮਠ ਰੂਪੀ ਕਮਰੇ ਦੀ ਕਾਰਨਸ ਉੱਤੇ ਸਜਾ ਕੇ ਰੱਖਿਆ ਹੋਇਆ ਹੈ, ਜਿਸ ਤੋਂ ਰੋਜ਼ਾਨਾ ਪ੍ਰੇਰਨਾ ਹਾਸਲ ਕਰਕੇ ਲਿਖਣ ਪੜ੍ਹਨ ਦਾ ਕਾਰਜ ਪ੍ਰਾਰੰਭ ਕਰਦੇ ਹਨ। ਆਪ ਦਾ ਇੱਕ ਦੋਹਾ ਹੈ :

'ਕਸੇਲ' ਸਤਿਗੁਰੂ ਮਾਲਾ ਬਖ਼ਸ਼ ਕੇ
ਕੀਤਾ ਵਡ ਉਪਕਾਰ,

Namdhari Elibrary NamdhariElibrary@gmail.com

ਚਰਨ ਕੰਵਲ ਤੋਂ ਵਾਰਨੇ
ਜਾਵਾਂ ਸੌ ਸੌ ਵਾਰ।

ਸਾਲ 2003 ਵਿੱਚ ਪ੍ਰੋਫੈਸਰ ਕਸੇਲ ਦੇ 75ਵੇਂ ਜਨਮ ਦਿਨ ਨੂੰ ਮੁੱਖ ਰਖਦਿਆਂ ਇਕ ਵਡ ਆਕਾਰੀ ਅਭਿਨੰਦਨ ਗ੍ਰੰਥ ਤਿਆਰ ਕੀਤਾ ਗਿਆ, ਜਿਸ ਦੀ ਪਹਿਲੀ ਕਾਪੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰਕਮਲਾਂ ਦੁਆਰਾ ਲੋਕ ਅਰਪਣ ਕੀਤੀ ਗਈ ਸੀ ਅਤੇ ਅਸੀਸ ਦਿੰਦਿਆਂ ਲਿਖਿਆ ਸੀ, "ਕਸੇਲ ਜੀ ਪੰਜਾਬੀ ਸਾਹਿਤ ਜਗਤ ਦੀ ਬੜੀ ਮਾਣਯੋਗ ਹਸਤੀ ਹਨ। ਉਹ ਜਿੰਨੇ ਵੱਡੇ ਵਿਦਵਾਨ ਹਨ, ਉਸ ਤੋਂ ਵੀ ਵੱਧ ਨਿਰਮਾਣ ਹਨ, ਨਿਰਲੋਭ ਅਤੇ ਸੱਚੇ ਸੁੱਚੇ ਹਨ। ਇਸ ਤੋਂ ਵੀ ਵੱਡੀ ਗੱਲ ਕਿ ਉਹ ਮਨ, ਬਚਨ, ਕਰਮ ਕਰਕੇ ਗੁਰਸਿੱਖ ਹਨ। ਮਾਂ ਬੋਲੀ ਪੰਜਾਬੀ ਲਈ ਅਤੇ ਦੇਸ਼ ਕੌਮ ਲਈ ਪੂਰਨ ਸਮਰਪਿਤ ਹਨ। ਵਿੱਦਿਆ ਦੇ ਵੀਚਾਰੀ ਵੀ ਹਨ ਅਤੇ ਪਰਉਪਕਾਰੀ ਵੀ। ਕਸੇਲ ਜੀ ਦੀ ਬਾਹਰੀ ਜੋਤ ਭਾਵੇਂ ਚਲੀ ਗਈ ਹੈ, ਪਰ ਅੰਤਰ ਜੋਤ ਹੋਰ ਵੀ ਚਮਕ ਉਠੀ ਹੈ, ਜਿਸ ਕਰਕੇ ਉਹ ਲਗਾਤਾਰ ਸਾਹਿਤ ਸਿਰਜਣਾ ਕਰ ਰਹੇ ਹਨ। 'ਹਰਿ ਭਗਤ ਭਗੌਤੀ ਤਿਸੈ ਕੀ ਜੋ ਰਣਧੀਰ ਧਰੇਇ ਤਿਹਿ ਅੰਗ ਸੰਗ ਤੁਮ ਲਾਗ ਰਹੁ ਜੋ ਪਾਛੈ ਪਗ ਨ ਧਰੇਇ' ਅਨੁਸਾਰ ਆਪ ਹਮੇਸ਼ਾਂ ਚੜ੍ਹਦੀਆਂ ਕਲਾ ਵਿੱਚ ਰਹਿੰਦੇ ਹਨ। ਅਕਾਲ ਪੁਰਖ ਦੀ ਬਖਸ਼ਿਸ਼ ਆਪ ਦੇ ਅੰਗ ਸੰਗ ਹੈ।"

ਪ੍ਰੋਫੈਸਰ ਕਿਰਪਾਲ ਸਿੰਘ ਕਸੇਲ ਦੀ ਸਾਹਿਤਕ, ਆਲੋਚਨਾਤਮਕ, ਇਤਿਹਾਸਕ ਤੇ ਅਨੁਵਾਦਿਤ ਪੁਸਤਕਾਂ ਦਾ ਸਾਰਾ ਪੰਜਾਬੀ ਜਗਤ ਵਾਕਫ਼ ਹੈ ਅਤੇ ਇਨ੍ਹਾਂ ਤੋਂ ਹੀ ਸੇਧ ਹਾਸਲ ਕਰਕੇ ਕਈ ਵਿਦਿਆਰਥੀ, ਸਿਖਿਆਰਥੀ ਤੇ ਖੋਜਾਰਥੀ ਲਾਹਾ ਉਠਾਉਂਦੇ ਆ ਰਹੇ ਹਨ। ਆਪ ਦਾ ਇੱਕ ਕਾਵਿ ਟੋਟਾ ਸਭਨਾਂ ਦਾ ਧਿਆਨ ਖਿਚਦਾ ਹੈ :-

ਵੇਖਣ ਨੂੰ ਮੈਂ ਅੰਦਲਾ ਜਾਪਾਂ, ਘੋਖਣ ਨੂੰ ਮੈਂ ਚਾਨਣ,
ਦੁਨੀਆਂ ਵਾਲੇ ਖ਼ਬਰੈ ਇਸ ਨੂੰ ਜਾਨਣ ਕਿ ਨਾ ਜਾਨਣ,
ਅੰਧਕਾਰ ਵਿਚ ਤੇਰਾ ਆਸਰਾ ਹੇ ਮਾਤ ਜਗਦੰਬੇ,
ਤਵ ਪ੍ਰਸਾਦਿ ਇਹ ਦੁਨੀਆਂ ਵਾਲੇ ਸ਼ਾਇਦ ਕਦੇ ਪਛਾਣਨਿ।

ਕਰੀਬ ਦੋ ਢਾਈ ਘੰਟੇ ਚਲੇ ਸਮਾਗਮ ਨੂੰ ਮੁੰਦਾਵਣੀ ਲਗਾਉਂਦਿਆਂ ਮੌਜੂਦਾ ਨਾਮਧਾਰੀ ਸਤਿਗੁਰੂ ਉਦੇ ਸਿੰਘ ਜੀ ਨੇ ਪਾਵਨ ਪਵਿੱਤਰ ਸ਼ਬਦ ਉਚਾਰਦਿਆਂ ਆਖਿਆ ਕਿ ਪ੍ਰੋ. ਕਸੇਲ ਜੀ ਨੂੰ ਮੈਂ ਆਪਣੇ ਬਾਲਪਣ ਤੋਂ ਨਿਕਟ ਰੂਪ ਵਿਚ ਵੇਖਦਾ ਤੇ ਮਿਲਦਾ ਆ ਰਿਹਾ ਹਾਂ। ਆਪ ਨੂੰ ਜਦੋਂ ਅਖਾਂ ਦੇ ਭੀਸ਼ਣ ਰੋਗ ਨੇ ਗ੍ਰਸਿਤ ਕਰ ਲਿਆ ਸੀ ਤਾਂ ਸਾਡੇ ਪਿੰਡ ਵਿਖੇ ਪ੍ਰਾਕਿਰਤਕ ਇਲਾਜ ਲਈ ਪਹੁੰਚੇ ਅਤੇ ਗੁਰੂ-ਕਿਰਪਾ ਕਟਾਖ ਨਾਲ ਰਖ ਰਖਾਓ ਨੂੰ ਨੇੜਿਉਂ ਭਾਂਪਦਾ ਰਿਹਾ ਹਾਂ। ਪਰਮ ਪੂਜ ਸਤਿਗੁਰੂ ਜਗਜੀਤ ਸਿੰਘ ਮਹਾਰਾਜ ਨੇ ਆਪ ਉਤੇ ਬੜੀ ਕਿਰਪਾ ਕੀਤੀ ਹੋਈ ਸੀ ਅਤੇ ਮੁਖ਼ਾਰਬਿੰਦ ਤੋਂ ਉਚਾਰਿਆ ਸੀ ਕਿ 'ਜੋ ਲਿਖੋਗੇ, ਠੀਕ ਹੋਵੇਗਾ' ਅਤੇ ਆਪ ਦੇ ਅਭਿਨੰਦਨ ਗ੍ਰੰਥ ਰੀਲੀਜ਼ ਸਮੇਂ ਅਸੀਸ ਦਿੰਦਿਆਂ ਆਖਿਆ ਸੀ, "ਕਸੇਲ ਜੀ ਪੰਜਾਬੀ ਸਾਹਿਤ ਜਗਤ ਦੀ ਬੜੀ ਮਾਣਯੋਗ ਹਸਤੀ ਹਨ। ਉਹ ਜਿੰਨੇ ਵੱਡੇ ਵਿਦਵਾਨ ਹਨ, ਉਸ ਤੋਂ ਵੀ ਵਧ ਨਿਰਮਾਣ ਹਨ, ਨਿਰਲੋਭ ਅਤੇ ਸੱਚੇ ਸੁੱਚੇ ਹਨ। ਇਸ ਤੋਂ ਵੀ ਵੱਡੀ ਗੱਲ ਕਿ ਉਹ ਮਨ, ਬਚਨ, ਕਰਮ ਕਰਕੇ ਗੁਰਸਿਖ ਹਨ। ਮਾਂ-ਬੋਲੀ ਪੰਜਾਬੀ ਲਈ ਅਤੇ ਦੇਸ਼-ਕੌਮ ਲਈ ਪੂਰਨ ਸਮਰਪਿਤ ਹਨ। ਆਪ ਵਿਦਿਆ ਦੇ ਵੀਚਾਰੀ ਵੀ ਹਨ ਅਤੇ ਪਰਉਪਕਾਰੀ ਵੀ।

Namdhari Elibrary NamdhariElibrary@gmail.com

ਕਸੇਲ ਜੀ ਦੀ ਬਾਹਰੀ ਜੋਤ ਭਾਵੇਂ ਚਲੀ ਗਈ ਹੈ, ਪਰ ਅੰਤਰ-ਜੋਤ ਹੋਰ ਵੀ ਚਮਕ ਉਠੀ ਹੈ, ਜਿਸ ਕਰਕੇ ਉਹ ਲਗਾਤਾਰ ਸਾਹਿਤ ਸਿਰਜਣਾ ਕਰ ਰਹੇ ਹਨ। ਅਕਾਲ ਪੁਰਖ ਦੀ ਬਖ਼ਸ਼ਿਸ਼ ਆਪ ਦੇ ਅੰਗ -ਸੰਗ ਹੈ।" ਸਤਿਗੁਰੂ ਜਗਜੀਤ ਸਿੰਘ ਦੀ ਮਹਿਮਾ ਜੁਗਾਂ-ਜੁਗਾਂਤਰਾਂ ਤਕ ਗੁਰ ਇਤਿਹਾਸ ਦੇ ਸ਼ਾਨਦਾਰ ਅਧਿਆਏ ਦੇ ਰੂਪ ਵਿਚ ਭਵਿਖ ਦੇ ਜਗਿਆਸੂਆਂ, ਕਿਰਤੀਆਂ, ਸ਼ਿਲਪੀਆਂ, ਨੀਤੀਵਾਨਾਂ ਤੇ ਸਾਰੀ ਲੋਕਾਈ ਨੂੰ ਧਰਮ ਦੀ ਸਚਿਆਰਤਾ ਦਾ ਚਿਰੰਜੀਵੀ ਕਾਲ ਤਕ ਮਾਰਗ ਦਰਸ਼ਨ ਕਰਦੀ ਰਹੇਗੀ ਅਤੇ ਸਦੀਵੀ ਸੱਚਾਈ ਨੂੰ ਪ੍ਰਗਟਾਉਂਦੀ ਰਹੇਗੀ। ਮੈਨੂੰ ਹਾਰਦਿਕ ਖ਼ੁਸ਼ੀ ਹੈ ਕਿ ਅਜ ਕਸੇਲ ਜੀ ਨੇ ਮੈਨੂੰ ਤੀਜਾ ਭਾਗ ਪ੍ਰਕਾਸ਼ ਕਰਨ ਦਾ ਮੌਕਾ ਦਿਤਾ ਹੈ। ਸਤਿਗੁਰੂ ਜੀ ਪ੍ਰਤੀ ਅਪਾਰ ਸ਼ਰਧਾ ਰਖਣ ਵਾਲਾ ਤੇ ਅੱਤ ਦਾ ਨਿਰਮਾਣ ਅਤੇ ਕਸੇਲ ਜੀ ਜਿਹਾ ਕੋਈ ਪਹੁੰਚਿਆ ਫ਼ਕੀਰ ਹੀ ਇਹੋ ਜਹੀ ਰਚਨਾ ਇਸ ਅਵਸਥਾ ਵਿਚ ਕਰ ਸਕਦਾ ਹੈ।

ਕਸੇਲ ਜੀ ਸਾਡੇ ਸਾਰਿਆਂ ਵੱਲੋਂ ਤੁਹਾਡਾ ਬਹੁਤ-ਬਹੁਤ ਧੰਨਵਾਦ ਹੈ ਜੋ ਤੁਸੀਂ ਇਡਾ ਮਹਾਨ ਕਾਰਜ 'ਤਵਾਰੀਖ਼ ਸੰਤ ਖ਼ਾਲਸਾ ਭਾਗ-3' ਪ੍ਰਕਾਸ਼ਿਤ ਕੀਤਾ ਹੈ। ਸਾਨੂੰ ਨੇਤਰਾਂ ਵਾਲਿਆਂ ਨੂੰ ਇਕ ਲੇਖ ਲਿਖਣਾ ਵੀ ਔਖਾ ਹੋ ਜਾਂਦਾ ਹੈ ਅਤੇ ਤੁਸੀਂ ਢਾਈ ਹਜ਼ਾਰ ਪੰਨੇ ਲਿਖ ਕੇ ਇਕ ਜਗ੍ਹਾ ਇਤਿਹਾਸ ਇਕੱਠਾ ਕਰ ਦਿੱਤਾ ਹੈ, ਜੋ ਬਹੁਤ ਸੰਭਾਲਣਯੋਗ ਹੈ। ਆਪ ਦੇ ਜੀਵਨ ਵਿਚ ਸਤੇ ਖ਼ੈਰਾਂ ਹੋਣ!

ਪ੍ਰੋਫ਼ੈਸਰ ਕਿਰਪਾਲ ਸਿੰਘ ਜੀ 'ਕਸੇਲ' ਹੁਰਾਂ ਦੀ ਪੁਸਤਕ 'ਤਵਾਰੀਖ ਸੰਤ ਖ਼ਾਲਸਾ' ਦੇ ਪ੍ਰਕਾਸ਼ਮਾਨ ਕੀਤੇ ਜਾਣ ਵੇਲੇ ਇਕ ਹੋਰ ਬੇਸ਼ਕੀਮਤੀ ਵੀਚਾਰਾਂ ਵਾਲੀ ਅਮੁਲਵੀ ਪੁਸਤਕ 'ਗੁਰ ਗਿਆਨ ਮਾਲਾ' ਵੀ ਲੋਕ ਅਰਪਣ ਕੀਤੀ ਗਈ, ਜਿਸ ਵਿਚ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਣਮੁਲੇ ਪ੍ਰਵਚਨ ਸ਼ਾਮਲ ਕੀਤੇ ਗਏ ਹਨ ਅਤੇ ਸੰਤ ਹਰਪਾਲ ਸਿੰਘ ਜੀ 'ਸੇਵਕ' ਨੇ ਇਸ ਪੁਸਤਕ ਲਈ ਸਾਰੀ ਸਮੱਗਰੀ ਇਕੱਤਰ ਹੀ ਨਹੀਂ ਕੀਤੀ ਬਲਕਿ ਬੜੇ ਸੁਚਜੇ ਢੰਗ ਨਾਲ ਵਿਉਂਤ ਵੀ ਦਿਤੀ ਹੈ। ਇਨ੍ਹਾਂ ਉਪਦੇਸ਼ਾਤਮਿਕ ਬੋਲਾਂ ਵਾਲੀ ਪੁਸਤਕ ਨੂੰ ਇਕ ਸੁਹਿਰਦ ਸੰਗ੍ਰਹਿ-ਕਰਤਾ ਵਜੋਂ ਸੰਤ ਹਰਪਾਲ ਸਿੰਘ ਜੀ 'ਸੇਵਕ' ਨੇ ਪੂਰੀ ਈਮਾਨਦਾਰੀ, ਦਿਆਨਤਦਾਰੀ ਤੇ ਪੂਰੀ ਤਨਦੇਹੀ ਨਾਲ ਨਾਮਧਾਰੀ ਸਾਧ ਸੰਗਤ ਤੋਂ ਇਲਾਵਾ ਪੰਜਾਬੀ ਪਾਠਕਾਂ ਗੋਚਰੇ ਕਰਨ ਦਾ ਸਫਲ ਕਾਰਜ ਕੀਤਾ ਹੈ।

ਗਿਆਨਵੰਤ ਕਿਤਾਬ 'ਗੁਰ ਗਿਆਨ ਮਾਲਾ' ਵੀ ਇਕ ਬਹੁਮੁਲੇ ਤੇ ਕੀਮਤੀ ਸ਼ੁਭ ਵੀਚਾਰਾਂ ਵਾਲੀ ਸੁਚਿਤਰ ਪੁਸਤਕ ਹੈ, ਪਰੰਤੂ ਹਰ ਅਨਮੋਲ ਬਚਨ ਨਾਲ ਯਾਦਗਾਰੀ ਤਸਵੀਰਾਂ ਸ਼ਾਮਲ ਕੀਤੀਆਂ ਗਈਆਂ ਹਨ, ਜਿਸ ਕਰਕੇ ਇਕ ਪੰਥ ਤੇ ਦੋ ਕਾਜ ਵਾਲੀ ਕਹਾਵਤ ਪੂਰੀ ਹੁੰਦੀ ਪ੍ਰਤੀਤ ਹੁੰਦੀ ਹੈ। ਜਿਥੇ ਅਣਮੁਲੇ ਖ਼ਿਆਲ ਪੜ੍ਹਨ ਤੇ ਵਿਚਾਰਨਯੋਗ ਤੇ ਅਪਣਾਉਣਯੋਗ ਹਨ, ਉਥੇ ਹੀ ਕੁਝ ਬੇਸ਼ਕੀਮਤੀ ਤਸਵੀਰਾਂ ਵੀ ਚੇਤਨਾ-ਪਟ ਉਤੇ ਸੰਭਾਲਣਯੋਗ ਪ੍ਰਾਪਤ ਹੁੰਦੀਆਂ ਹਨ। ਪੌਣੇ ਦੋ ਸੋ ਪੰਨਿਆਂ ਉਤੇ ਉਕਰੇ ਹੋਏ ਬੋਲ ਮਾਰਗ ਦਰਸ਼ਨ ਕਰਨ ਵਿਚ ਸਹਾਈ ਸਿਧ ਹੁੰਦੇ ਹਨ। ਇਨ੍ਹਾਂ ਗਿਆਨ-ਵਰਧਕ ਬੋਲਾਂ ਨੂੰ ਬਹੁਤ ਹੀ ਕੀਮਤੀ ਆਰਟ ਪੇਪਰ ਉਤੇ ਪ੍ਰਕਾਸ਼ਮਾਨ ਕੀਤਾ ਗਿਆ ਹੈ।

ਦਰਅਸਲ, ਇਹ ਪੁਸਤਕ ਨਾਮਧਾਰੀ ਸੰਪਰਦਾਇ ਨਾਲ ਸੰਬੰਧਤ ਹੈ, ਜਿਸ ਵਿਚ

Namdhari Elibrary NamdhariElibrary@gmail.com

ਗੁਰਪੁਰਵਾਸੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾਂ ਨੂੰ ਸੰਭਾਲਿਆ ਗਿਆ ਹੈ, ਜਿਨ੍ਹਾਂ ਦੀ ਗਿਣਤੀ 108 ਹੈ ਅਤੇ ਜਿਹੜਾ ਵੀ ਇਨ੍ਹਾਂ ਨੂੰ ਕੰਠ ਕਰੇਗਾ ਜਾਂ ਧਿਆਨ ਗੋਚਰੇ ਕਰੇਗਾ, ਉਸ ਦਾ ਜੀਵਨ ਸੁਹੇਲਾ ਹੀ ਹੋਵੇਗਾ। ਇਸੇ ਲਈ 1994 ਦੇ ਦਿੱਲੀ ਵਿਖੇ ਹੋਏ ਸਰਬ ਧਰਮ ਸੰਮੇਲਨ ਸਮੇਂ ਜੈਨ ਮੁਨੀ ਸ੍ਰੀ ਸੁਸ਼ੀਲ ਕੁਮਾਰ ਜੀ ਨੇ ਆਪਣੇ ਹਿਰਦੇ ਦੇ ਭਾਵਾਂ ਨੂੰ ਅਭਿਵਿਅਕਤ ਕਰਦਿਆਂ ਆਖਿਆ ਸੀ, "ਸਤਿਗੁਰੂ ਜਗਜੀਤ ਸਿੰਘ ਕਾ ਮਹੱਤਵ ਹਮਾਰੇ ਬਹੁਤ ਸੇ ਭਾਈ ਨਹੀਂ ਜਾਨਤੇ ਹੋਗੇ। ਆਜ ਸੰਸਾਰ ਕੇ ਬੀਚ ਅਗਰ ਕਿਸੀ ਕੋ ਅਹਿੰਸਾ ਕਾ ਦੇਵਦੂਤ ਕਹਾ ਜਾਏ ਤੋਂ ਵੋ 'ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ' ਹੈ। ਸਾਰੇ ਸੰਸਾਰ ਮੇਂ ਆਪ ਨੇ ਗੁਰੂ ਕੀ ਵਾਣੀ ਕਾ ਪ੍ਰਚਾਰ ਕੀਆ ਹੈ ਔਰ ਪਰਮਾਤਮਾ ਕਾ ਦਿਵਯ ਦਰਸ਼ਨ ਕਰਤੇ ਹੁਏ ਸਾਰੇ ਸੰਸਾਰ ਕੋ ਦਇਆ, ਪ੍ਰੇਮ ਔਰ ਸ਼ਾਂਤੀ ਕਾ ਪਾਠ ਪੜ੍ਹਾਇਆ ਹੈ। ਆਪ ਉਨ ਕੇ ਸ਼ਬਦੋਂ ਕੋ ਸੁਨੀਏ, ਇਤਨਾ ਆਨੰਦ ਆਏਗਾ ਕਿ ਆਤਮਾ ਜਾਗ੍ਰਿਤ ਹੋ ਜਾਇਗੀ।"

ਜੈਨ ਮੁਨੀ ਜੀ ਦੇ ਮੁਖ਼ਾਰਬਿੰਦ ਵਿਚੋਂ ਨਿਕਲੇ ਪਾਵਨ ਪੁਨੀਤ ਸ਼ਬਦਾਂ ਦੀ ਹੀ ਪੁਸ਼ਟੀ ਮੌਜੂਦਾ ਨਾਮਧਾਰੀ ਸਤਿਗੁਰੂ ਸ੍ਰੀ ਉਦੈ ਸਿੰਘ ਜੀ ਪੁਸਤਕ ਦੇ ਦੋ ਸ਼ਬਦ ਲਿਖਦਿਆਂ ਪ੍ਰਗਟਾਉਂਦੇ ਹਨ, "ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾਂ ਵਿਚ ਗੁਰਬਾਣੀ ਅਨੁਸਾਰ ਜੀਵਨ ਜੀਉਣ ਦੀ ਪ੍ਰੇਰਨਾ ਹੈ। ਸੱਚੀ ਸੁੱਚੀ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਉਪਦੇਸ਼ ਹੈ। ਧਾਰਮਿਕ ਸਦਭਾਵਨਾ, ਭਾਈਚਾਰਕ ਸਾਂਝ ਅਤੇ ਵਿਸ਼ਵ-ਅਮਨ ਆਪ ਜੀ ਦਾ ਸ਼ੁਭ ਸੰਦੇਸ਼ ਹੈ। ਆਪ ਜੀ ਨੇ ਜੀਵਨ ਭਰ ਅਹਿੰਸਾ ਅਤੇ ਸ਼ਾਕਾਹਾਰ ਦਾ ਪ੍ਰਚਾਰ ਕੀਤਾ। ਨਸ਼ੇ ਅਤੇ ਭਰੂਣ ਹੱਤਿਆ ਵਰਗੇ ਕਲੰਕ ਤੋਂ ਬਚਣ ਲਈ ਪੁਰਜ਼ੋਰ ਯਤਨ ਕੀਤੇ।

ਆਪ ਜੀ ਨੇ ਵਿਖਾਵੇ ਦੇ ਰਸਮੋਂ ਰਿਵਾਜ਼ਾਂ ਅਤੇ ਵਹਿਮਾਂ-ਭਰਮਾਂ ਤੋਂ ਬਚਣ ਤੇ ਸਾਦਗੀ ਦੀ ਸਿਖਿਆ ਦਿਤੀ। ਆਪ ਜੀ ਦੀ ਕਿਰਪਾ ਸਦਕਾ ਹੀ ਨਾਮਧਾਰੀ ਸਿਖ ਨਸ਼ੇ, ਭਰੂਣ ਹੱਤਿਆ ਤੇ ਦਾਜ ਦਹੇਜ ਵਰਗੀਆਂ ਅਲਾਮਤਾਂ ਤੋਂ ਬਚੇ ਹੋਏ ਹਨ। ਸ਼ੁਧ ਸਿਖੀ ਸਰੂਪ ਅਤੇ ਰਹਿਤ ਮਰਿਯਾਦਾ ਦੇ ਧਾਰਣੀ ਹਨ। ਸਾਨੂੰ ਜਿਨ੍ਹਾਂ ਨੂੰ ਵੀ ਸ੍ਰੀ ਸਤਿਗੁਰੂ ਜੀ ਦੀ ਨੇੜਤਾ ਦਾ ਸੁਭਾਗ ਪ੍ਰਾਪਤ ਹੋਇਆ ਹੈ, ਅਸੀਂ ਵੇਖਿਆ ਹੈ ਕਿ ਜੇ ਆਪ ਜੀ ਕਿਸੇ ਨੂੰ ਸਮਝਾਉਂਦੇ ਜਾਂ ਕਿਸੇ ਸਿਖ ਵਲ ਕਿਰਪਾ-ਪੱਤਰ ਲਿਖਦੇ ਤਾਂ ਗੁਰਬਾਣੀ ਦੀਆਂ ਤੁਕਾਂ ਦੇ ਹਵਾਲੇ ਦੇਂਦੇ, ਪੱਤਰ ਦਾ ਸਮਾਪਨ ਕਿਸੇ ਗੁਰਬਾਣੀ ਦੀ ਤੁਕ ਨਾਲ ਹੀ ਹੁੰਦਾ। ਏਸੇ ਤਰ੍ਹਾਂ ਆਪ ਜੀ ਦੇ ਉਪਦੇਸ਼ਾਂ ਦਾ ਆਧਾਰ ਮੁਖ ਰੂਪ ਵਿਚ ਗੁਰਬਾਣੀ, ਗੁਰਮਤਿ ਸਿਧਾਂਤ ਅਤੇ ਸਿਖ ਇਤਿਹਾਸ ਹੀ ਹੈ। ਇਸੇ ਲਈ ਆਪ ਜੀ ਦੇ ਉਪਦੇਸ਼ ਸਮੁੱਚੀ ਮਾਨਵਤਾ ਲਈ ਸਾਂਝੇ ਹਨ, ਆਦਿ-ਜੁਗਾਦੀ ਸੱਚ ਉਤੇ ਆਧਾਰਿਤ ਹਨ। ਸ੍ਰੀ ਸਤਿਗੁਰੂ ਜੀ ਨੇ ਸ਼ਾਸਤਰੀ ਸੰਗੀਤ, ਗੁਰਮਤਿ ਕੀਰਤਨ ਅਤੇ ਪੰਜਾਬੀ ਬੋਲੀ ਦੇ ਪ੍ਰਚਾਰ-ਪ੍ਰਸਾਰ ਲਈ ਵੱਡੇ ਆਯੋਜਨ ਕੀਤੇ। ਹਰ ਆਗਾਂਹ -ਵਧੂ ਖੇਤਰ ਵਿਚ ਸਿਖੀ ਸਰੂਪ ਦੀ ਮਾਣਯੋਗ ਪਹਿਚਾਣ ਬਣਾਈ ਅਤੇ ਸ੍ਰੀ ਸਤਿਗੁਰੂ ਜੀ ਦੇ ਉਪਦੇਸ਼ਾਂ ਵਿਚੋਂ ਵਖੋ ਵੱਖ ਵਿਸ਼ਿਆਂ ਉਤੇ ਬਚਨ ਨੋਟ ਕਰਕੇ, ਲੜੀ ਵਿਚ ਪਰੋਣਾ, ਰਤਨਾਂ, ਲਾਲਾ ਦਾ ਸੰਗ੍ਰਹਿ ਸ਼ਲਾਘਾਯੋਗ ਉਦਮ ਹੈ।"

ਕੀਮਤੀ ਬੋਲਾਂ ਤੇ ਪ੍ਰਵਚਨਾਂ ਵਾਲੀ ਮਾਲਾ ਨੂੰ ਇਕ ਅਟੁਟ ਧਾਗੇ ਵਿਚ ਪਰੋਣ ਦਾ ਕਾਮਯਾਬ ਯਤਨ ਕਰਨ ਵਾਲੇ ਸੰਤ ਹਰਪਾਲ ਸਿੰਘ 'ਸੇਵਕ' ਨੇ ਇਸ ਪੁਸਤਕ ਨੂੰ ਪ੍ਰਕਾਸ਼ਮਾਨ

Namdhari Elibrary NamdhariElibrary@gmail.com

ਕਰਨ ਦੇ ਮਨੋਰਥ ਨੂੰ ਸਪਸ਼ਟ ਕਰਦਿਆਂ ਲਿਖਿਆਂ ਹੈ, "ਸਤਿਗੁਰੂ ਜਗਜੀਤ ਸਿੰਘ ਜੀ ਨੇ 1959 ਤੋਂ 2012 ਅੱਧੀ ਸਦੀ ਤੋਂ ਵੱਧ ਸਮੇਂ ਤਕ ਨਾਮਧਾਰੀ ਸਿਖ ਪੰਥ ਦੀ ਅਗੁਆਈ ਕਰਦਿਆਂ ਵਿਸ਼ਵ ਭਰ ਵਿਚ ਧਰਮ, ਸਾਂਝੀਵਾਲਤਾ ਅਤੇ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕੀਤਾ। ਆਪ ਜੀ ਨੇ ਸਾਹਿਬ ਸਤਿਗੁਰੁ ਨਾਨਕ ਦੇਵ ਜੀ ਦਾ ਸਰਬਤ ਦੇ ਭਲੇ ਦਾ ਸੰਦੇਸ਼, ਸਾਹਿਬ ਕਲਗ਼ੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਦੀ ਰਹਿਤ ਮਰਿਯਾਦਾ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਸੰਪੂਰਨ ਸੁਤੰਤਰਤਾ ਅਤੇ ਵਿਸ਼ਵ ਅਮਨ ਦਾ ਸੁਨੇਹਾ ਸਮੂਹ ਮਹਾਂਦੀਪਾਂ ਤਕ ਪਹੁੰਚਾਇਆ। ਵਖੋ ਵਖ ਸਮਿਆਂ ਵਿਚ ਮੇਲਿਆਂ ਸਮੇਂ, ਧਾਰਮਿਕ, ਸਮਾਜਿਕ, ਸਾਹਿਤਕ ਅਤੇ ਰਾਜਨੀਤਕ ਸਮਾਗਮਾਂ ਸਮੇਂ ਆਪ ਜੀ ਦੇ ਦਿਤੇ ਸੈਂਕੜੇ ਘੰਟਿਆਂ ਦੇ ਉਪਦੇਸ਼ ਰਿਕਾਰਡ ਹਨ, ਜੋ ਸਾਰੇ ਪੁਸਤਕ ਰੂਪ ਵਿਚ ਛਪਣ ਤਾਂ ਦਰਜਨਾਂ ਪੁਸਤਕਾਂ ਛਪਣਗੀਆਂ। ਜੀਵਨ ਦਾ ਕੋਈ ਅਜਿਹਾ ਪਹਿਲੂ ਨਹੀਂ, ਜੋ ਆਪ ਜੀ ਦੇ ਪ੍ਰਵਚਨਾਂ ਵਿਚ ਅਣਛੋਹਿਆ ਰਿਹਾ ਹੋਵੇ। ਆਪ ਜੀ ਦੇ ਉਪਦੇਸ਼ ਸਰਲ ਤੇ ਸਪਸ਼ਟ ਹਨ, ਗੁਰਮਤਿ ਜੀਵਨ ਜਾਚ ਅਤੇ ਗੁਰਬਾਣੀ ਸਿਧਾਂਤ ਦੀ ਵਿਆਖਿਆ ਹਨ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਹੁਕਮ ਅਨੁਸਾਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ਾਂ ਵਿਚੋਂ ਵਖੋ-ਵਖ ਵਿਸ਼ਿਆਂ ਤੇ ਕੁਝ ਬਚਨ ਨੋਟ ਕੀਤੇ। ਉਨ੍ਹਾਂ ਅਮ੍ਰਿਤ ਬਚਨਾਂ ਵਿਚੋਂ ਇਸ ਪੋਥੀ ਵਿਚ 108 ਪ੍ਰਵਚਨ ਹਨ, ਕਿਉਂਕਿ 108 ਮਣਕਿਆਂ ਦੀ ਨਾਮਧਾਰੀ ਮਾਲਾ ਵੀ ਹੈ ਅਤੇ 109 ਸੰਪੂਰਨਤਾ ਤੇ ਸਰਬ ਸਿਧੀ ਦਾ ਪ੍ਰਤੀਕ ਵੀ ਹੈ। ਗੁਰ ਉਪਦੇਸ਼ ਦੇ ਮਾਨਸਰੋਵਰ ਵਿਚੋਂ 108 ਸੁੱਚੇ ਮੋਤੀਆਂ ਦੀ ਮਾਲਾ ਰੂਹਾਨੀਅਤ ਦੇ ਪਾਂਧੀਆਂ ਲਈ ਅਨਮੋਲ ਸੌਗਾਤ ਅਤੇ ਨੂਰੀ ਲੋਅ ਹੈ।"

ਪੁਸਤਕ ਵਿਚ ਦਰਜ 'ਦੁੱਰ-ਏ-ਯਤੀਮ' ਸਮਾਨ ਉਪਦੇਸ਼ਾਤਮਕ ਮਾਣਕ ਮੋਤੀਆਂ ਵਿਚੋਂ ਕੁਝ ਕੁ ਪਾਠਕਾਂ ਗੋਚਰੇ ਕਰਨ ਦੀ ਖ਼ੁਸ਼ੀ ਲਈ ਜਾ ਰਹੀ ਹੈ। ਪੰਨਾ 171 ਉਤੇ 'ਦੁਖ ਮੋਹ ਦਾ ਹੈ' ਬਾਰੇ ਜਾਣੂੰ ਕਰਵਾਇਆ ਗਿਆ ਹੈ ਕਿ ਜੇ ਆਪਣੇ ਕੁਤੇ ਦੀ ਲਤ ਟੁਟ ਜਾਏ, ਬੜਾ ਦੁਖ ਹੁੰਦਾ ਹੈ। ਗੁਆਂਢੀਆਂ ਦਾ ਨੌਜੁਆਨ ਪੁੱਤਰ ਮਰ ਜਾਏ ਤਾਂ ਆਦਮੀ ਕੋਲੋਂ ਚੁੱਪ ਕਰਕੇ ਲੰਘ ਜਾਂਦਾ ਹੈ। ਇਸ ਵਾਸਤੇ ਉਹਦਾ ਦੁਖ ਨਹੀਂ ਹੁੰਦਾ ਕਿ ਉਹਨੂੰ ਆਪਣਾ ਨਹੀਂ ਸਮਝਿਆ। ਦੁਖ ਅਪਣਤ ਦਾ ਹੈ, ਮੋਹ ਦਾ ਹੈ। ਜੇ ਇਸ ਸਭ ਕੁਝ ਨੂੰ ਆਪਣਾ ਨਾ ਸਮਝ ਕੇ, ਸਤਿਗੁਰੂ ਦੀ ਦਿਤੀ ਹੋਈ ਚੀਜ਼ ਸਮਝ ਕੇ ਵਰਤੀਏ, ਉਹਦੇ ਨਾਲ ਰਹੀਏ, ਫੇਰ ਦੁਖ ਨਹੀਂ ਹੁੰਦਾ।

ਪੰਨਾ 161 ਉਤੇ ਦਰਜ ਹੈ ਕਿ 'ਦੁਸ਼ਮਣ ਦਾ ਭਲਾ' ਕਿਵੇਂ ਕੀਤਾ ਜਾ ਸਕਦਾ ਹੈ, "ਐਸ ਵੇਲੇ ਬਰਦਾਸ਼ਤ ਬਹੁਤ ਘਟ ਗਈ ਹੈ, ਕਿਸੇ ਦਾ ਹਕ ਖੋਹਣਾ ਤੇ ਆਪਣਾ ਧੱਕੇ ਨਾਲ ਬਣਾਉਣਾ। ਇਹ ਨਹੀਂ ਕਿ ਕਿਸੇ ਦੇ ਹਕ ਦੀ ਰਾਖੀ ਕਰੋ, ਆਪਣੇ ਹਕ ਦਾ ਦਾਨ ਕਰੋ। ਪਰ ਜਿਹਦੇ ਵਾਸਤੇ, ਮਨ ਦਾ ਟਿਕਾਓ ਵਾਸਤੇ ਜੋ ਬਾਣੀ ਵਿਚ ਲਿਖਿਆ ਹੈ, 'ਜਬ ਧਾਰੈ ਬੈਰੀ ਮੀਤੁ ਤਬ ਲਗੁ ਨਿਹਚਲੁ ਨਾਹੀ ਚੀਤ' ਜਿਹੜਾ ਤੁਹਾਨੂੰ ਬਹੁਤ ਭੈੜਾ ਲਗਦਾ ਹੈ, ਬੜੇ ਜ਼ੋਰ ਨਾਲ ਉਹਦਾ ਭਲਾ ਮੰਗੋ। ਇਹ ਤੇ ਬੜਾ ਥੋੜ੍ਹਾ ਜਿਹਾ ਹੈ, ਸਾਨੂੰ ਸਰਬਤ ਦੇ ਭਲੇ ਦਾ ਹੁਕਮ ਹੈ।"

ਸਚਮੁੱਚ! ਅਜ ਅਸਹਿਣਸ਼ੀਲ ਵਾਤਾਵਰਣ ਵਿਚ ਅਜਿਹੇ ਸੁੱਚੇ ਬੋਲ ਬੜੇ ਸੁਹਾਵੇ ਸਿਧ ਹੁੰਦੇ ਹਨ। ਪੰਨਾ 156 ਉਤੇ ਦਰਜ 'ਧਾਰਮਿਕ ਸਦਭਾਵਨਾ' ਅਜੋਕੇ ਸਮਾਜ ਵਾਸਤੇ

Namdhari Elibrary NamdhariElibrary@gmail.com

ਅਤਿ ਲੋੜੀਂਦੀ ਭਾਵਨਾ ਹੈ। ਜਿਸ ਵਾਸਤੇ ਲਿਖਿਆ ਗਿਆ ਹੈ ਕਿ ਐਸ ਵੇਲੇ ਬੜੀ ਲੋੜ ਹੈ, ਐਸ ਚੀਜ਼ ਦੀ ਕਿ ਸਾਡੇ ਧਰਮਾਂ ਨੂੰ ਮੰਨਣ ਵਾਲੇ ਉਨ੍ਹਾਂ ਨੂੰ ਇਕੱਠੇ ਹੋ ਕੇ ਯਤਨ ਕਰਨਾ ਚਾਹੀਦਾ ਹੈ ਕਿ ਅਜ ਦੀ ਦੁਨੀਆਂ ਵਿਚ ਜਿਹੜੀ ਈਰਖਾ, ਸੜਨ, ਇਕ ਦੂਜੇ ਨਾਲ ਖੋਹਾ-ਖੋਈ, ਇਸ ਤੋਂ ਲੋਕਾਂ ਨੂੰ ਬਚਾਇਆ ਜਾ ਸਕੇ। ਬੜੀ ਅਜੀਬ ਗੱਲ ਹੈ ਕਿ ਬੰਦਾ ਸੁਖੀ ਰਹਿਣ ਵਾਸਤੇ, ਕਪੜੇ ਪਾ ਲੈਂਦਾ ਹੈ, ਮਕਾਨ ਬਣਾ ਲੈਂਦਾ ਹੈ ਤੇ ਹੋਰ ਬੜਾ ਕੁਝ ਕਰ ਲੈਂਦਾ ਹੈ, ਪਰ ਵਧੀਆ ਮਕਾਨ ਵਿਚ ਬੈਠ ਕੇ, ਚੰਗੇ ਕਪੜੇ ਪਾ ਕੇ ਜੇ ਉਹ ਸੁਖੀ ਨਾ ਰਹਿ ਸਕੇ ਤੇ ਇਕ-ਦੂਜੇ ਨੂੰ ਵੇਖ ਕੇ ਈਰਖਾ ਨਾਲ ਸੜੇ, ਫੇਰ ਉਸ ਨੂੰ ਬੰਦਾ ਬਣਨ ਦਾ ਕੋਈ ਫਾਇਦਾ ਨਹੀਂ, ਇਹੋ ਹੀ ਇਕ ਚੀਜ਼ ਹੈ ਜਿਹੜੀ ਸਾਨੂੰ ਧਰਮ ਦੇ ਰਾਹੀਂ ਸਤਿਗੁਰਾਂ ਨੇ ਦਿਤੀ ਹੈ। ਸਾਡੇ ਜਿੰਨੇ ਰਹਿਬਰ ਆਏ, ਭਗਵਾਨ ਰਾਮ, ਭਗਵਾਨ ਕ੍ਰਿਸ਼ਨ ਚੰਦਰ ਜੀ ਜਾਂ ਹਜਰਤ ਈਸਾ ਮਸੀਹ ਜੀ, ਮੁਹੰਮਦ ਸਾਹਿਬ, ਇਤਿਹਾਸ ਪੜ੍ਹ ਕੇ ਵੇਖੋ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਤਕਲੀਫ਼ਾਂ ਉਠਾਉਣੀਆਂ ਪਈਆਂ। ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ, ਜਿਹੜੇ ਵੀ ਸਤਿਗੁਰੂ, ਗੁਰੂ ਨਾਨਕ ਨੇ ਬਾਬਰ ਦੀ ਚੱਕੀ ਪੀਸੀ ਜਾ ਕੇ, ਇਹ ਸਾਰੀਆਂ ਤਕਲੀਫ਼ਾਂ ਉਨ੍ਹਾਂ ਨੇ ਉਠਾਈਆਂ। ਉਨ੍ਹਾਂ ਨੇ ਏਸ ਵਾਸਤੇ ਨਹੀਂ ਉਠਾਈਆਂ ਕਿ ਅਸੀਂ ਆਪਣੀ ਕੋਈ ਜਾਇਦਾਦ ਬਣਾ ਲਈਏ ਜਾਂ ਬਾਹਰਲੇ ਕਿਸੇ ਦੇਸ਼ ਵਿਚ ਪੈਸੇ ਭੇਜ ਦੇਈਏ ਸਗੋਂ ਉਨ੍ਹਾਂ ਨੇ ਸਾਡੇ ਲਈ ਇਹ ਸਾਰਾ ਕੁਝ ਕੀਤਾ। ਸਾਨੂੰ ਚਾਹੀਦਾ ਹੈ ਕਿ ਅਸੀਂ ਉਸ ਗੱਲ ਦੀ ਕਦਰ ਕਰੀਏ। ਇਕ ਦੂਜੇ ਦੇ ਧਰਮ ਨਾਲ ਕੋਈ ਗੱਲ ਝਗੜੇ ਵਿਚ ਨਾ ਪਾਈਏ। ਦੂਜੇ ਦੇ ਧਰਮ ਦੀ ਕਦਰ ਕਰਨਾ ਸਾਡਾ ਫਰਜ਼ ਬਣਦਾ ਹੈ, ਆਪਣਾ ਪ੍ਰਚਾਰ ਮੰਡਨ ਰੂਪ ਵਿਚ ਕਰਕੇ, ਕਿਸੇ ਨੂੰ ਖੰਡਨ ਨਾ ਕੀਤਾ ਜਾਵੇ। ਇਹੋ ਹੀ ਇਕ ਚੀਜ਼ ਹੈ, ਜਿਸ ਨਾਲ ਅਸੀਂ ਸਾਰੇ ਇਕ ਮੰਚ ਉਤੇ ਇਕੱਠੇ ਹੋ ਸਕਦੇ ਹਾਂ।

ਪੰਨਾ 98 ਉਤੇ ਸ਼ਾਮਲ 'ਸਾਈ ਭਲੀ ਕਾਰ' ਦੁਆਰਾ ਬਖ਼ਸ਼ਿਸ਼ ਕਰਦਿਆਂ ਲਿਖਿਆ ਗਿਆ ਹੈ ਕਿ ਆਪਣੇ ਸਮਝਣ ਵਾਲੀ ਗੱਲ ਏਹੋ ਹੀ ਕਿ ਜੋ ਸਤਿਗੁਰੂ -ਸੱਚੇ ਪਾਤਸ਼ਾਹ ਕਰਦੇ ਨੇ, ਸਤਿਗੁਰਾਂ ਤੋਂ ਵੱਡਾ ਹੈ ਕੋਈ ਨਹੀਂ। ਉਨ੍ਹਾਂ ਦੀ ਰਜ਼ਾ ਬਿਨਾਂ ਹੋ ਕੁਝ ਨਹੀਂ ਸਕਦਾ। ਜੋ ਉਨ੍ਹਾਂ ਦੀ ਰਜ਼ਾ ਨਾਲ ਹੁੰਦਾ ਹੈ। ਜਿਹੜਾ ਬਾਣੀ ਵਿਚ ਲਿਖਿਆ ਹੈ-'ਜੋ ਤੁਮੁ ਕਰਹੁ ਸੋਈ ਭਲ ਹਮਰੈ' ਸਾਨੂੰ ਨਹੀਂ ਪਤਾ ਕਿ ਸਾਡਾ ਭਲਾ ਕਿਹੜੀ ਗੱਲ ਵਿਚ ਹੈ। ਇਸ ਗੱਲ ਵਿਚ ਸਾਡਾ ਕਿਹੜਾ ਭਲਾ ਛੁਪਿਆ ਹੋਇਆ ਹੈ। ਅਸੰਖਾਂ ਦੀਆਂ ਪੌੜੀਆਂ ਵਿਚ ਅਸੀਂ ਤਿੰਨ ਵਾਰ ਪੜ੍ਹਦੇ ਹਾਂ। 'ਜੋ ਤੁਧੁ ਭਾਵੈ ਸਾਈ ਭਲੀ ਕਾਰ' ਸੱਚੇ ਪਾਤਸ਼ਾਹ ਨੇ ਬਚਨ ਕੀਤਾ, 'ਜਿਹੜਾ ਰਜ਼ਾ ਵਿਚ ਰਵੇ' ਬੜੀ ਔਖੀ ਗੱਲ ਹੈ।

ਪੰਨਾ 26 ਉਤੇ ਦਰਜ ਹੈ ਕਿ ਨਾਮ ਜਪਣ ਵਾਸਤੇ ਹਿਰਦੇ ਵਿਚੋਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਬਦਬੂਆਂ ਕਢੀਆਂ ਜਾਣ। ਸਤ, ਸੰਤੋਖ, ਦਇਆ, ਧਰਮ, ਪ੍ਰੇਮ, ਵੈਰਾਗ ਆਦਿ ਵਰਗੀਆਂ ਖ਼ੁਸ਼ਬੂਆਂ ਵਸਣ ਤਾਂ ਹੀ ਹਿਰਦੇ ਵਿਚ ਨਾਮ ਦਾ ਵਾਸਾ ਹੋ ਸਕਦਾ ਹੈ। ਨਾਮ ਜਪਣ ਤੋਂ ਬਿਨਾਂ ਕੰਮ ਵਿਚ ਬਰਕਤ ਨਹੀਂ ਪੈਂਦੀ। ਜੇ ਧਨ ਜੁੜ ਵੀ ਜਾਏ ਤਾਂ ਉਹ ਸ਼ਾਂਤੀ ਨਹੀਂ ਦਿੰਦਾ, ਬੇਚੈਨੀ ਬਣੀ ਰਹਿੰਦੀ ਹੈ। ਹਿਰਦੇ ਵਸਾ ਕੇ ਸੱਚੇ ਮਾਰਗ ਨੂੰ ਪਾਇਆ ਜਾ ਸਕਦਾ ਹੈ।

Namdhari Elibrary NamdhariElibrary@gmail.com

ਪੁਸਤਕਾਂ ਦੇ ਰਲੀਜ਼ ਸਮੇਂ ਪੰਡਾਲ ਵਿੱਚ ਉਪਸਥਿਤ ਸਾਧ ਸੰਗਤ ਅਤੇ ਸਾਹਿਤਕਾਰ।

Namdhari Elibrary NamdhariElibrary@gmail.com